# ਅੰਮ੍ਰਿਤ ਕੀਰਤਨ
# Amrit Kirtan

ਜਨਵਰੀ 2002




ਪਟਿਆਲਾ ਵਿਖੇ ਹੋਏ ਵਿਦਿਆਰਥੀ ਕੀਰਤਨ ਦਰਬਾਰ ਦੀਆਂ ਝਲਕੀਆਂ ।

ਰਿਪੋਰਟ ਪੰਨਾ 33

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ




ਪਟਿਆਲਾ ਵਿਖੇ ਹੋਏ ਵਿਦਿਆਰਥੀ ਕੀਰਤਨ ਦਰਬਾਰ ਦੀਆਂ ਝਲਕੀਆਂ ।

ਰਿਪੋਰਟ ਪੰਨਾ 33

ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ
ਅੰਕ 1 • ਸਾਲ ਚੌਦਵਾਂ • ਜਨਵਰੀ 2002

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ

| | | |
|---|---|---|
| ਮਿਤ੍ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 5 | ਸੰਪਾਦਕੀ |
| ਗੁਰੂ ਗੋਬਿੰਦ ਸਿੰਘ : ਭਾਈ ਨੰਦ ਲਾਲ ਗੋਇਆ... | 6 | ਡਾ. ਸਾਹਿਬ ਸਿੰਘ ਅਰਸ਼ੀ |
| ਧਰਮਸਾਲ ਗੁਰਬਾਣੀ-ਅਵਤਾਰਣਾ ਤੇ ਸੰਕੀਰਤਨ | 9 | ਕਰਤਾਰ ਸਿੰਘ ਨੀਲਧਾਰੀ |
| ਕਹਉ ਕਹਾ ਅਪਨੀ ਅਧਮਾਈ ਨਾਨਕ ਬਖਸੇ... | 16 | ਰਮੇਸ਼ ਸਿੰਘ |
| ਮਨ ਤੂੰ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ... | 21 | ਪ੍ਰੋ. ਨਰਿੰਦਰ ਸਿੰਘ |
| ਸਾਡੇ ਕੀਰਤਨੀਏ-ਭਾਈ ਹਰਪਾਲ ਸਿੰਘ | 23 | ਭਾਈ ਅਵਤਾਰ ਸਿੰਘ ਹੰਸ |
| ਕੀਰਤਨ ਸਿਖਲਾਈ | 24 | ਉੱਤਮ ਸਿੰਘ |
| ਆਉ ਤਬਲਾ ਸਿੱਖੀਏ | 27 | ਗੁਰਜੰਤ ਸਿੰਘ ਰਾਹੀ |
| ਵਿਦਿਆਰਥੀ ਕੀਰਤਨ ਦਰਬਾਰ | 33 | ਪ੍ਰੋ. ਕੰਵਲਜੀਤ ਸਿੰਘ |
| ਸੁਰ ਲਿਪੀ | 35 | ਜਸਪਾਲ ਸਿੰਘ |

• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961
vide CIT/ CHD/ 126/ 80-G/ Tech./ 3861 dated 30/8/2001 valid upto 31/3/2002

ਚੰਦੇ ਦਾ ਵੇਰਵਾ :
• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
• ਵਿਦੇਸ਼: ਸਲਾਨਾ 30 $, ਜੀਵਨ ਮੈਂਬਰ (30 ਸਾਲ) 300 $
• 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Ph: 391443 Pg: 9610408677

conduct similar programs in other parts of the country. On 10/02/2000, we sent you a small but interesting article on this subject in Gurmukhi. If suitable, you may print it in your esteemed magazine. This may help your readers. Wishing you a Happy Diwali and all the best in your noble endeavour to enlighten humanity.

- ***Satnam Kaur,*** B-304, Salvador, Shastri Nagar, 4 Bunglows, Andheri (W) Mumbai 53

★ 'ਅੰਮ੍ਰਿਤ ਕੀਰਤਨ' ਦੇ ਨਵੰਬਰ 2001 ਵਿੱਚ ਪੰਨਾ 23-24 ਉਪਰ 'ਸਾਡਾ ਵਿਰਸਾ' -2 ਕੜਾ ਕਿ ਲੋਹੇ ਦੀ ਵੰਗ' ਦੇ ਸਿਰਲੇਖ ਹੇਠਾਂ ਕੜੇ ਅਤੇ ਵੰਗ ਦੀ ਨੁਹਾਰ ਬਾਰੇ ਦੋ ਚਿੱਤਰ ਛਪਣੇ ਸਨ। ਉਸ ਅੰਕ ਵਿੱਚ ਇਨ੍ਹਾਂ ਚਿੱਤਰਾਂ ਦੇ ਪ੍ਰਿੰਟ ਠੀਕ ਨਹੀਂ ਸੀ ਉਘੜ ਸਕੇ। ਹੁਣ ਦੁਬਾਰਾ ਇਨ੍ਹਾਂ ਦੇ ਪ੍ਰਿੰਟ ਭੇਜ ਰਿਹਾ ਹਾਂ ਜੀ।

- ***ਪ੍ਰੋ. ਨਰਿੰਦਰ ਸਿੰਘ,*** 956, ਫੇਜ਼ 3 ਬੀ-2, ਮੋਹਾਲੀ



ਉਪਰੋਕਤ ਤਸਵੀਰ ਵਿੱਚ ਕੜੇ ਦੀ ਸ਼ੁਧ ਨੁਹਾਰ ਹੈ ਜਿਸ ਦੇ ਬਾਹਰਲੀ ਤਲ ਤੇ ਬੜੀ ਹੋਈ ਉਭਰੀ ਧਾਰ (ridge) ਸਪਸ਼ਟ ਦਿਸ ਰਹੀ ਹੈ।



ਉਪਰੋਕਤ ਤਸਵੀਰ ਇੱਕ ਲੋਹੇ ਦੀ ਵੰਗ ਹੈ ਜਿਸ ਦੇ ਸੈਂਟਰ ਵਿੱਚ ਬਾਹਰਲੀ ਤਲ ਉੱਪਰ ਕੋਈ ਧਾਰ ਅਥਵਾ (ridge) ਦਾ ਉਭਾਰ ਨਹੀਂ ਹੈ।

★ 'ਅੰਮ੍ਰਿਤ ਕੀਰਤਨ' ਟ੍ਰਸਟ (ਰਜਿ.) ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਨੂੰ ਇਹ ਗੁਰਸਿੱਖ ਵਿਦਿਆਰਥੀ ਪਿਛਲੇ ਦੋ ਮਹੀਨੇ ਤੋਂ ਪੜ੍ਹਦਾ ਆ ਰਿਹਾ ਹੈ। ਇਸ ਮਾਸਿਕ ਪੱਤਰ ਵਿੱਚ ਛਪਦੀਆਂ ਰਚਨਾਵਾਂ ਬਹੁਤ ਹੀ ਗਿਆਨ ਵਰਧਕ ਲੱਗੀਆਂ। ਸੱਚਮੁਚ ਹੀ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਕੀਰਤਨੀਆਂ ਤੇ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਇੱਕ ਚਾਨਣ ਮੁਨਾਰੇ ਵਾਂਗਰ ਹੈ।

- ***ਜਸਵਿੰਦਰ ਸਿੰਘ ਕਲਸੀ***, 2127, ਫੇਸ 10, ਮੋਹਾਲੀ, ਚੰਡੀਗੜ੍ਹ 160 064

★ ਆਪ 'ਅੰਮ੍ਰਿਤ ਕੀਰਤਨ' ਦੀਆਂ ਲਿਖਤਾਂ ਨੂੰ ਸੰਗਤਾਂ ਨੂੰ ਬਖਸ਼ ਕੇ ਜੋ ਸੇਵਾ ਕਰ ਰਹੇ ਹੋ ਇਹ ਅਤੀ ਸ਼ਲਾਘਾ ਯੋਗ ਹੈ। ਦਾਸ ਸਹਿਜੇ ਸਹਿਜੇ ਜਿੰਨਾ ਕੁ ਪੜ੍ਹਦਾ ਹੈ ਅਤੀ ਅਨੰਦਤ ਸੁਰਤੀ ਨਾਲ ਮਨ ਵਸਾਉਂਦਾ ਹੈ।

- ***ਰਾਜਿੰਦਰ ਸਿੰਘ***, ਐਡਰੈਸ ???


*ਗੁਰਮੁਖਿ ਸੇਵਾ ਮਹਲੀ ਥਾਉ ਪਾਏ॥*
*ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥*

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**
**Sewaks' Charitable Trust (Regd.)**

HELP NEEDY

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

IN THE SERVICE OF HUMANITY



**Hot millions** ®



*Salad Bar & Restaurant*

*Serving Indian, Chinese, Continental & Italian Food*
*with a regular Indian & Salad Buffet*

*For Free Home Delivery*
*(above Rs. 100/-)*



**CHD 723333** **SALAD BAR 723222**
**PKL 579888** **MOH 264300**

SCO 76-79,(First Floor) Sector 17-E, Chandigarh. Tel: 723222, 723111, 704858

# ਕਰਉ ਬੇਨੰਤੀਆ

**ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥**
**ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲ॥**

ਬਹੁਤ ਹੀ ਸੰਜਮ ਅਤੇ ਸਹਿਜ ਦੀ ਜ਼ਿੰਦਗੀ ਜਿਉਣ ਵਾਲੇ ਸਾਡੇ ਸਾਰਿਆਂ ਦੇ ਸਤਿਕਾਰਯੋਗ ਗੁਰਮੁਖ ਪਿਆਰੇ ਡਾ. ਜਾਗੀਰ ਸਿੰਘ ਜੀ (ਸੰਪਾਦਕ 'ਅੰਮ੍ਰਿਤ ਕੀਰਤਨ') ਇੱਕ ਸੜਕ ਹਾਦਸੇ ਵਿੱਚ ਸਖਤ ਜਖ਼ਮੀ ਹੋ ਗਏ ਹਨ। ਇਸ ਭਿਆਨਕ ਹਾਦਸੇ ਵਿੱਚ ਪ੍ਰਭੂ ਨੇ ਉਹਨਾਂ ਨੂੰ ਆਪ ਹੱਥ ਦੇ ਕੇ ਰੱਖਿਆ ਹੈ। ਜੋ ਕਸਟ ਆਇਆ ਹੈ, ਨੁਕਸਾਨ ਹੋਇਆ ਹੈ ਉਹ ਸਾਰੇ, ਕਰਮਾਂ ਦਾ ਫਲ ਹੈ। ਜੋ ਬਚਾਓ ਹੋਇਆ ਹੈ ਉਸ ਲਈ ਉਸ ਪ੍ਰਭੂ ਦਾ ਕੋਟਿ ਕੋਟਿ ਧੰਨਵਾਦ ਹੈ। ਅਜਿਹੇ ਸਮੇਂ ਬਾਬਾ ਫਰੀਦ ਦੇ ਉਪਰੋਕਤ ਸਲੋਕ ਤੇ ਵਿਚਾਰ ਕਰਦਿਆਂ ਮੇਰੇ ਵਰਗੇ ਨਿਗੁਣੇ ਮਨੁੱਖ ਨੂੰ ਤਾਂ ਡਰ ਹੀ ਲੱਗਣ ਲੱਗਾ ਹੈ ਕਿ ਜੇ ਗੁਰਮਤਿ ਦੇ ਪਾਂਧੀਆਂ ਨੂੰ ਬਿਨਾਂ ਕਸੂਰ ਤੋਂ ਏਨੀ ਚੋਟ ਸਹਿਣੀ ਪੈ ਸਕਦੀ ਹੈ ਤਾਂ ਫਿਰ ਸਾਡਾ ਕੀ ਬਣੇਗਾ? ਜਿਹਨਾਂ ਨੇ ਰੋਜ਼ ਲੋਕਾਂ ਨੂੰ ਮੱਤਾਂ ਦੇ ਕੇ ਆਪਣੇ ਦੀਵੇ ਥੱਲੇ ਹਨੇਰਾ ਹੀ ਰੱਖਿਆ ਹੈ।

ਇਸ ਸੰਕਟ ਦੀ ਘੜੀ 'ਅੰਮ੍ਰਿਤ ਕੀਰਤਨ' ਨਾਲ ਜੁੜੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤੁਹਾਡਾ ਪਿਆਰਾ 'ਅੰਮ੍ਰਿਤ ਕੀਰਤਨ' ਆਉਣ ਵਾਲੇ ਚਾਰ ਮਹੀਨੇ ਤੁਹਾਡੇ ਬੂਹੇ ਤੇ ਦਸਖਤ ਨਹੀਂ ਦੇ ਸਕੇਗਾ। ਦੂਜੀ ਬੇਨਤੀ ਇਹ ਹੈ ਕਿ ਸਾਰੀ ਸੰਗਤ ਡਾ. ਸਾਹਿਬ ਦੇ ਛੇਤੀ ਠੀਕ ਹੋਣ ਲਈ ਅਰਦਾਸ ਕਰੇ। ਬੰਦਾ ਭੁੱਲਣਹਾਰ ਹੈ ਤੇ ਸੰਗਤ ਬਖਸ਼ਣਯੋਗ ਹੈ।

ਦਾਸ

ਗੁਰਮੀਤ ਸਿੰਘ ਚੈਰਬਾਨੂ

ਸਹਾਇਕ ਸੰਪਾਦਕ

# ਗੁਰੂ ਗੋਬਿੰਦ ਸਿੰਘ : ਭਾਈ ਨੰਦ ਲਾਲ 'ਗੋਇਆ' ਦੇ ਦ੍ਰਿਸ਼ਟੀਕੋਣ ਵਿੱਚ

**ਡਾ. ਸਾਹਿਬ ਸਿੰਘ ਅਰਸ਼ੀ**

5707, ਮਾਰਡਨ ਡੁਪਲੈਕਸ, ਮਨੀ ਮਾਜਰਾ, ਚੰਡੀਗੜ੍ਹ

ਗੁਰੂ ਗੋਬਿੰਦ ਸਿੰਘ ਨਾਨਕ ਦੀ ਗੱਦੀ ਦੇ ਦਸਵੇਂ ਅਵਤਾਰ ਸਨ। ਆਪ ਨੇ ਜਿਸ ਸਮੇਂ ਧਰਤੀ ਤੇ ਅਵਤਾਰ ਧਾਰਿਆ, ਸਮਾਜ ਦੀ ਦਸ਼ਾ ਹਾਸੋਹੀਣੀ ਸੀ। ਮਨੁੱਖ ਬਲਹੀਣ ਹੋ ਚੁੱਕੇ ਸਨ ਅਤੇ ਧਰਮ ਨਾਂ ਦੀ ਕੋਈ ਸ਼ੈ ਨਹੀਂ ਸੀ। ਦਿੱਲੀ ਦੇ ਤਖਤ ਤੇ ਔਰੰਗਜ਼ੇਬ ਮੁਗਲ ਬਾਦਸ਼ਾਹ ਬੈਠਾ ਸੀ ਜੋ ਬਹੁਤ ਨਿਰਦਈ ਅਤੇ ਜ਼ਾਲਮ ਸੀ। ਆਪਣੀ ਗੱਦੀ ਲੈਣ ਲਈ ਉਸ ਨੇ ਪਿਤਾ ਸ਼ਾਹ ਜਹਾਨ ਨੂੰ ਕੈਦ ਵਿੱਚ ਪਾ ਦਿੱਤਾ ਅਤੇ ਆਪਣੇ ਸਾਰੇ ਭਰਾਵਾਂ ਨੂੰ ਮਾਰ ਦਿੱਤਾ। ਉਹ ਕੱਟੜ ਮੁਸਲਮਾਨ ਸੀ ਅਤੇ ਸਭ ਪਾਸੇ ਮੁਸਲਿਮ ਧਰਮ ਦਾ ਫੈਲਾਅ ਹੀ ਵੇਖਣਾ ਚਾਹੁੰਦਾ ਸੀ। ਉਸ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਗੁਰੂ ਤੇਗ ਬਹਾਦਰ ਨੂੰ ਸ਼ਹਾਦਤ ਦੇਣੀ ਪਈ ਅਤੇ ਗੁਰੂ ਗੋਬਿੰਦ ਸਿੰਘ ਨੂੰ 'ਖਾਲਸਾ ਸਿਰਜਣ' ਦੀ ਲੋੜ ਪਈ। ਗੁਰੂ ਸਾਹਿਬ ਨੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਉਨ੍ਹਾਂ ਲੋਕਾਂ ਨੂੰ ਛਕਾਇਆ ਜੋ ਆਤਮ-ਸੁਰੱਖਿਆ ਨਹੀਂ ਸਨ ਕਰ ਸਕਦੇ। ਅੰਮ੍ਰਿਤ ਛਕ ਕੇ ਉਹ ਸਭ 'ਸਿੰਘ' ਬਣ ਗਏ। ਗੁਰੂ ਗੋਬਿੰਦ ਸਿੰਘ ਨੇ ਜ਼ੁਲਮੀ ਬਾਦਸ਼ਾਹ ਔਰੰਗਜ਼ੇਬ ਨਾਲ ਲੋਹਾ ਲਿਆ। ਅੰਤ ਔਰੰਗਜ਼ੇਬ ਨੂੰ ਗੁਰੂ ਘਰ ਨਾਲ ਇਸ ਪ੍ਰਕਾਰ ਦਾ ਵਰਤਾਉ ਕਰਨ ਤੇ ਪਸ਼ਚਾਤਾਪ ਕਰਨਾ ਪਿਆ। ਇਹ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਸਮੇਂ ਅਨੁਕੂਲ ਉਸਾਰੂ-ਸੋਚ ਦਾ ਸਿੱਟਾ ਸੀ।

ਗੁਰੂ ਗੋਬਿੰਦ ਸਿੰਘ ਕੇਵਲ ਸੰਤ ਰੂਪ ਹੀ ਨਹੀਂ ਸਨ ਪ੍ਰੰਤੂ ਇੱਕ ਬਲਕਾਰੀ ਯੋਧਾ ਅਤੇ ਮਹਾਨ ਕਵੀ ਵੀ ਸਨ। ਆਪ ਦਾ ਸਾਹਿਤ ਨਾਲ ਪ੍ਰੇਮ ਵੀ ਅਦੁੱਤੀ ਸੀ। ਆਪ ਪਾਸ 52 ਕਵੀ ਰਿਹਾ ਕਰਦੇ ਸਨ ਜੋ ਆਪਣੀ ਰਚਨਾਵਾਂ ਸੁਣਾਉਂਦੇ ਅਤੇ ਸਾਹਿਤ ਰਚਦੇ ਸਨ। ਗੁਰੂ ਸਾਹਿਬ ਦਾ ਸਮੁੱਚਾ ਸਾਹਿਤ 'ਦਸਮ ਗ੍ਰੰਥ' ਵਿੱਚ ਅੰਕਿਤ ਹੈ ਆਪ ਜੀ ਦੀਆਂ ਬਾਣੀਆਂ ਵਿੱਚੋਂ ਜਾਪੁ ਸਾਹਿਬ, ਅਕਾਲ ਉਸਤਤਿ, ਚੰਡੀ ਦੀ ਵਾਰ ਆਦਿ ਉਤਕ੍ਰਿਸ਼ਟ ਰਚਨਾਵਾਂ ਹਨ। ਵੱਖ ਵੱਖ ਭਗਤਾਂ ਅਤੇ ਕਵੀਆਂ ਨੇ ਆਪ ਨੂੰ ਨੇੜੇ ਹੋ ਕੇ ਤੱਕਿਆ ਅਤੇ ਸਾਹਿਤ ਵਿੱਚ ਬਿਆਨ ਕੀਤਾ ਹੈ। ਹਰ ਇੱਕ ਸਾਹਿਤਕਾਰ ਦਾ ਆਪ ਪ੍ਰਤੀ ਦ੍ਰਿਸ਼ਟੀਕੋਣ ਅਨੋਖਾ ਤੇ ਭਾਵਪੂਰਤ ਹੈ ਪਰੰਤੂ ਆਪ ਬਾਰੇ ਜਿਸ ਪ੍ਰਕਾਰ ਭਾਈ ਨੰਦ ਲਾਲ 'ਗੋਇਆ' ਜੀ ਨੇ ਬਿਆਨਿਆ ਹੈ, ਉਸ ਦਾ ਕੋਈ ਸਾਨੀ ਨਹੀਂ। ਗੁਰੂ ਗੋਬਿੰਦ ਸਿੰਘ ਜੀ ਬਾਰੇ ਬਿਆਨ ਦੀ ਗੱਲ ਕਰਦਿਆਂ ਜੇ ਭਾਈ ਨੰਦ ਲਾਲ 'ਗੋਇਆ' ਜੀ ਦੀ ਲਿਖਿਤ ਦਾ ਵਰਣਨ ਨਾ ਕੀਤਾ ਜਾਵੇ ਤਾਂ ਬਿਆਨ ਅਧੂਰਾ ਹੀ ਰਹਿ ਜਾਂਦਾ ਹੈ।

ਭਾਈ ਨੰਦ ਲਾਲ 'ਗੋਇਆ' ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਹੀ ਨਹੀਂ ਸਨ ਸਗੋਂ ਆਪ ਦੇ ਅਨਿੰਨ ਸੇਵਕਾਂ ਵਿੱਚੋਂ ਸਨ। ਆਪ ਨੇ ਖਾਲਸੇ ਦੀ ਰਹਿਤ ਮਰਯਾਦਾ ਨੂੰ ਉੱਚ-ਪੱਧਰ ਤੱਕ ਸਮਝ ਕੇ ਹੋਰਾਂ ਨੂੰ ਸਮਝਾਇਆ ਜਿਸ ਨਾਲ ਸੰਗਤਾਂ ਵਿੱਚ ਗੁਰੂ ਪ੍ਰਤੀ ਪਿਆਰ ਅਤੇ ਅਟੁੱਟ ਸ਼ਰਧਾ ਵਧੀ। ਭਾਈ ਸਾਹਿਬ ਗੁਰੂ ਜੀ ਦੇ ਹੁੰਦਿਆਂ ਹੀ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ ਪ੍ਰੰਤੂ ਆਪ ਦਾ ਦਸਮੇਸ਼ ਪਿਤਾ ਪ੍ਰਤੀ ਪਿਆਰ ਲਾਸਾਨੀ ਹੋ ਨਿਬੜਿਆ ਹੈ। ਭਾਈ ਸਾਹਿਬ 'ਗੰਜ ਨਾਮਾ' ਵਿੱਚ ਗੁਰੂ ਜੀ ਦੀ ਮਹਿਮਾ ਦਾ ਗੁਣ-ਗਾਣ ਇਸ ਪ੍ਰਕਾਰ ਕਰਦੇ ਹਨ।

ਕਾਦਰਿ ਹਰ ਕਾਰ, ਗੁਰੁ ਗੋਬਿੰਦ ਸਿੰਘ।
ਬੇਕਸਾਂ ਰਾ ਯਾਰ, ਗੁਰੁ ਗੋਬਿੰਦ ਸਿੰਘ।

(ਭਾਵ ਗੁਰੂ ਗੋਬਿੰਦ ਸਿੰਘ ਹਰ ਕਾਰਜ ਕਰਨ ਦੇ ਸਮਰਥ ਹਨ ਅਤੇ ਨਿਤਾਣਿਆਂ, ਨਿਮਾਣਿਆਂ ਦੇ ਆਸਰੇ ਹਨ)

ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਰੀਰਕ, ਮਾਨਸਿਕ ਅਤੇ ਆਤਮਕ ਸੁੰਦਰਤਾ ਦਾ ਭਰਪੂਰ ਵਰਣਨ ਕਰਕੇ ਸ਼ਲਾਘਾ ਕੀਤੀ ਹੈ। ਆਪ ਨੇ ਗੁਰੂ ਸਾਹਿਬ ਨੂੰ ਪੂਰਨ ਰੂਪ ਵਿੱਚ ਵੇਖਿਆ ਤੇ ਹਰ ਪ੍ਰਕਾਰ ਗੁਰੂ ਤੋਂ ਸਦਕੇ ਜਾਂਦੇ ਹਨ। ਆਪ ਦਾ ਬਿਆਨ ਇਸ ਪ੍ਰਕਾਰ ਹੈ:

*ਐ ਕਮਾਲਿ ਤੋ, ਕਮਾਲਸਤੋ, ਕਮਾਲਸਤੋ, ਕਮਾਲ॥*
*ਐ ਜ਼ਮਾਲਿ ਤੋ, ਜਮਾਲਸਤੋ, ਜਮਾਲਸਤੋ, ਜਮਾਲ॥*

ਇਕ ਘੜੀ ਨ ਮਿਲਤੇ ਤਾਂ ਕਲਜੁਗ ਹੋਤਾ॥

ਆਸ਼ਕ ਜਦੋਂ ਵਿਸਮਾਦਤ ਹੋ ਪ੍ਰੀਤਮ ਦੇ ਖਿਆਲ ਵਿੱਚ ਮੰਜ਼ਿਲ ਪ੍ਰਾਪਤੀ ਵੱਲ ਵਧਦਾ ਹੈ ਤਾਂ ਕਈ ਮੰਜ਼ਿਲਾਂ ਅੱਗੇ ਵਧ ਜਾਂਦਾ ਹੈ। ਭਾਈ ਸਾਹਿਬ ਅਨੁਸਾਰ ਜਦੋਂ ਪ੍ਰਭੂ ਤੋਂ ਬਿਨ੍ਹਾਂ ਜਿਧਰ ਵੀ ਨਜ਼ਰ ਮਾਰੀਏ ਹੋਰ ਕੁੱਝ ਹੈ ਹੀ ਨਹੀਂ ਤਾਂ ਫੇਰ ਉਸ ਵਲੋਂ ਗਫਲਤ ਕਿਉਂ? ਭਾਈ ਸਾਹਿਬ ਦਾ ਇਸ਼ਟ ਦੋ ਜਹਾਨਾਂ ਦਾ ਮਾਲਕ ਹੈ। ਆਪ ਦਾ ਬਿਆਨ ਹੈ:

ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ॥
ਖ਼ਸਮ ਰਾਜਾ ਕਾਹ ਗੁਰੁ ਗੋਬਿੰਦ ਸਿੰਘ॥੧੦੮॥

ਭਾਈ ਸਾਹਿਬ ਦਾ ਦਸਮੇਸ਼ ਪਿਤਾ ਬਖਸਸ ਕਰਨ ਵਾਲਿਆਂ ਨੂੰ ਬਖਸਸ ਕਰਨ ਵਾਲਾ ਅਤੇ ਦਾਨਿਆਂ ਤੋਂ ਦਾਨਾ ਹੈ। ਦੋਹਾਂ ਜਹਾਨਾਂ ਤੇ ਸਤਿਗੁਰੂ ਦਾ ਹੀ ਹੱਥ ਹੈ। ਨੌ ਖੰਡ ਵੀ ਸਤਿਗੁਰੂ ਦੀ ਚਰਨਧੂੜ ਹਨ। ਉਹ ਦਾਤਿਆਂ ਦਾ ਦਾਤਾ ਹੈ ਅਤੇ ਹਰ ਥਾਂ ਫਤਹਿ ਪਾਉਣ ਵਾਲਾ ਹੈ। ਉਸ ਦੀ ਸ਼ੋਭਾ ਸਭ ਤੋਂ ਉੱਚੀ ਹੈ। ਇਸ ਪ੍ਰਕਾਰ ਦਸਮੇਸ਼ ਦੀ ਮਹਿਮਾ ਦਾ ਗੁਣਗਾਣ ਕਰਦੇ ਆਪਣੇ ਆਪ ਨੂੰ ਦਸਮੇਸ਼ ਜੀ ਦਾ ਕੂਕਰ ਦੱਸਦੇ ਹਨ। ਆਪ ਨੇ ਦਸ਼ਮੇਸ਼ ਪਿਤਾ ਤੋਂ ਜਾਨ ਕੁਰਬਾਨ ਕਰਨ ਦੀ ਲੋਚਾ ਪ੍ਰਗਟਾਈ ਹੈ ਅਤੇ ਸੀਸ ਕਲਗੀਧਰ ਦੇ ਚਰਨਾ ਵਿੱਚ ਰਹਿਣਾ ਮੰਗਿਆ ਹੈ।

ਬਾਦ ਜਾਨਸ਼ ਫਿਦਾਏ ਗੁਰੁ ਗੋਬਿੰਦ ਸਿੰਘ॥
ਫ਼ਰਕਿ ਓ ਬਰ ਪਾਏ ਗੁਰੁ ਗੋਬਿੰਦ ਸਿੰਘ॥


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002



## Thoughts of the Month

1. Be a good finder.
2. Make a habit doing it now.
3. Develop an attitude of gratitude.
4. Get into a continuous education program.
5. Built positive self esteem.
6. Stay away frame negative influences.
7. Learn to like the things that need to be done.
8. Start your day with positive thought.

*With best compliments from a wellwisher*

# ਧਰਮਸਾਲ ਗੁਰਬਾਣੀ – ਅਵਤਾਰਣਾ ਤੇ ਸੰਕੀਰਤਨ


## ਕਰਤਾਰ ਸਿੰਘ ਨੀਲਧਾਰੀ

162 ਏ, ਗਰੇਨ ਮਾਰਕੀਟ, ਚੰਡੀਗੜ੍ਹ


*ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਥਾ ਭਾਲ ਕੈ॥* (ਪੰਨਾ 73)

ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਵਿੱਚ ਜਿੱਥੇ ਵੀ ਗਏ ਉੱਥੇ ਇਹੋ ਉਪਦੇਸ਼ ਕੀਤਾ- ਭਾਈ ਧਰਮਸ਼ਾਲ ਬਣਾਓ। ਅਜਿਹੀ ਧਰਮਸ਼ਾਲ ਵਿੱਚ ਸਵੇਰੇ ਸ਼ਾਮ ਦੇ ਸਤਿਸੰਗ ਵਿੱਚ ਸੰਤਾਂ-ਸਾਧਾਂ ਦੀ ਬਾਣੀ ਦਾ ਕੀਰਤਨ, ਕਥਾ ਪ੍ਰਸੰਗ ਅਤੇ ਪਰਮਾਤਮਾ ਦੇ ਨਾਮ ਸਿਮਰਨ ਦਾ ਰੁਝਾਣ ਹੀ ਸਿਰਜਿਆ ਗਇਆ ਹੋਵੇਗਾ ਕਿਉਂਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ-

*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥*
*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥* 27/ਪਹਿਲੀ ਵਾਰ

ਗੁਰੂ ਬਾਬੇ ਨੇ ਜਿਹੜੇ ਘਰ ਵਿੱਚ ਚਰਣ ਪਾਏ ਉੱਥੇ ਹੀ ਉਨ੍ਹਾਂ, ਦੀ ਯਾਦ ਵਿੱਚ ਆਸਣ ਸਥਾਪਿਤ ਹੋ ਗਏ, ਜਿੰਨਾਂ ਵਿੱਚੋਂ ਕਈਆਂ ਦੀ ਪਛਾਣ ਗੁਰੂ ਧਾਮ ਵਜੋਂ ਹੋਈ। ਘਰ-ਘਰ ਵਿੱਚ ਧਰਮ ਸਿੱਖਿਆ ਜਾਂ ਚਿੰਤਨ ਦੇ ਸਿਰਜੇ ਮਾਹੌਲ ਵਿੱਚੋਂ ਆਤਮਿਕ ਆਨੰਦ ਦੀ ਵੈਸਾਖੀ ਦਾ ਮਾਹੌਲ ਸਿਰਜਨ ਲਈ ਕੀਰਤਨ ਦਾ ਆਦੇਸ਼ ਮਿਲਿਆ ਹੋਇਆ ਸੀ।

ਕੀਰਤਨ ਦੇ ਪਿਛੋਕੜ ਵਿੱਚ ਗੰਭੀਰਤਾ ਨਾਲ ਨਾ ਜਾਂਦੇ ਹੋਏ ਵੀ ਇਹ ਸਪਸ਼ਟ ਹੈ ਕਿ ਦੱਖਨ ਦੇ ਅਡਿਆਰ ਤੇ ਅਲਵਾਰ ਸੰਤਾਂ ਵਿੱਚ ਕੀਰਤਨ ਪਰੰਪਰਾ ਸ਼ੁਰੂ ਹੋ ਚੁੱਕੀ ਸੀ। ਇਹ ਭਗਤੀ ਲਹਿਰ ਮਹਾਰਾਸ਼ਟਰ ਵਿੱਚ ਵੀ ਪੁੱਜੀ ਤੇ ਉੜੀਸਾ ਵਿੱਚ ਵੀ ਪੁੱਜੀ। ਭਗਤੀ ਲਹਿਰ ਦੇ ਸਾਧਾਂ ਰਾਹੀਂ ਰਚੀ ਰਾਮਬੱਧ ਬਾਣੀ ਪ੍ਰਮਾਣਿਤ ਕਰਦੀ ਹੈ ਕਿ ਕੀਰਤਨ ਦਾ ਚਲਨ ਉਸ ਸਮੇਂ ਜ਼ਰੂਰ ਸੀ ਅਤੇ ਸੰਤ-ਸਾਧ ਇੱਕ ਤਾਰਾ-ਦੋਤਾਰਾ ਜਾਂ ਹੋਰ ਵੀਣਾ ਵਰਗੇ ਸਾਜ ਵਜਾਂਦੇ ਸਨ ਜਿਨ੍ਹਾਂ ਨੂੰ ਤਾਲ ਦੇਣ ਲਈ ਢੋਲ, ਮਜੀਰੇ, ਚਿਮਟੇ, ਖੜਤਾਲਾਂ, ਥਾਲੀਆਂ ਜਾਂ ਘੜੇ ਵਜਾਏ ਜਾਂਦੇ ਸਨ। ਸੁਰ ਸਵਾਰਨ ਲਈ ਸੰਖ ਤੇ ਬਾਂਸੁਰੀ ਦੀ ਵਰਤੋਂ ਵੀ ਹੁੰਦੀ ਸੀ। ਉੜੀਸਾ ਤੋਂ ਵੈਸ਼ਨਵ ਕ੍ਰਿਸ਼ਨ ਭਗਤੀ ਬੰਗਾਲ-ਆਸਾਮ-ਮਨੀਪੁਰ ਵਲ ਗਈ ਅਤੇ ਕ੍ਰਿਸ਼ਨ ਲੀਲਾ ਦੇ ਨਾਲ ਸ੍ਰੀ ਕ੍ਰਿਸ਼ਨ ਦੀ ਬੰਸਰੀ ਵੀ ਅੰਮ੍ਰਿਤ ਘੋਲਦੀ ਰਹੀ। ਚੈਤਨਿਅ ਭਗਤੀ ਚੇਤਨਾ ਨੇ ਮਥੁਰਾ ਬ੍ਰਿੰਦਾਬਨ ਦੇ ਗੁਆਚੇ ਕ੍ਰਿਸ਼ਨ ਧਾਮ ਉਜਾਗਰ ਕੀਤੇ ਅਤੇ ਬਾਬਾ ਹਰੀਦਾਸ ਦੀ ਸ਼ਾਸਤਰੀ ਸੰਗੀਤ ਪਰੰਪਰਾ ਰਾਹੀਂ ਭਗਤੀ ਦਾ ਇਤਿਹਾਸ ਸਿਰਜਿਆ ਗਿਆ ਹੈ। ਪੰਡਰਪੁਰ ਦੇ ਸੰਤ ਨਾਮਦੇਵ ਮਗਰੋਂ ਪੰਜਾਬ ਵਿੱਚ ਆਵਸੇਸਨ ਅਤੇ ਭਗਤੀ ਲਹਿਰ ਦੀ ਜਾਗ ਲਗਾਈ ਸੀ। ਪੰਡਰਪੁਰ ਤੋਂ ਹੀ ਮਗਰੋ ਸ੍ਰੀ ਰਾਮਨੁਜ ਦੇ ਸ਼ਿਸ਼ ਸਵਾਮੀ ਰਾਮਾਨੰਦ ਜੀ ਕਾਸ਼ੀ ਚਲੇ ਗਏ ਸਨ ਤੇ ਉਸ ਕਰਮਕਾਂਡੀ ਧਰਮ ਕੇਂਦਰ ਵਿੱਚ ਭਗਤੀ ਲਹਿਰ ਦੇ ਦੋਤਾਰੇ ਵਜਾਏ ਸਨ। ਉਨ੍ਹਾਂ ਦੀ ਸ਼ਿਸ਼ ਪਰੰਪਰਾ ਦੇ ਸੰਤ ਕਬੀਰ, ਸੰਤ ਰਵੀਦਾਸ, ਸੰਤ ਪੀਪਾ, ਸੰਤ ਧੰਨਾ, ਸੰਤ ਸੈਣ ਆਦਿਕ ਗੁਰੂ ਗ੍ਰੰਥ ਦੇ ਭਾਈਵਾਲ ਵੀ ਬਣੇ।

ਸਿੱਖ ਧਰਮ ਸਰਗੁਨ ਤੋਂ ਨਿਰਗੁਨ ਜਾਂ ਦੇਹਧਾਰੀ ਤੋਂ ਸ਼ਬਦ ਗੁਰੂ ਵਲ ਨਿਸਚਿਤ ਰੂਪ ਵਿੱਚ ਸਫਰ ਕਰਨ ਵਾਲਾ ਧਰਮ ਹੈ ਇਸ ਲਈ ਬਾਰ ਬਾਰ ਕਿਹਾ ਗਿਆ ਹੈ।

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥* (ਪੰਨਾ 390)

ਜਾਂ *ਨਿਰਗੁਣ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥* (ਪੰਨਾ 287)

ਅਜਿਹੇ ਸਿਧਾਂਤ ਨਾਲ ਹੀ ਪੁਰਾਤਨ ਅਵਤਾਰਾਂ, ਭਗਤਾਂ ਤੇ ਸੰਤਾਂ ਦੇ ਸੰਦਰਭ ਗੁਰਬਾਣੀ ਵਿੱਚ ਖੁੱਲ੍ਹ ਕੇ ਵਰਤੇ ਗਏ ਹਨ। ਭਗਤੀ ਲਹਿਰ ਦੇ ਜਿਹੜੇ ਸੰਤ ਸਰਗੁਣ ਤੋਂ ਨਿਰਗੁਣ ਵਲ ਪੁਲਾਂਗ ਪੁੱਟ ਗਏ ਉਨ੍ਹਾਂ ਦੀ ਬਾਣੀ ਨੂੰ ਸ੍ਰੀ

ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦਿੱਤਾ ਗਿਆ। ਅਜਿਹੇ ਭਗਤਾਂ ਨੇ ਆਪਣੇ ਸਰਗੁਨ ਇਸ਼ਟ ਦੀ ਉਪਾਸਨਾ ਵਿੱਚੋਂ ਹੀ ਨਿਰਗੁਨ ਸੁੰਨ ਸਮਾਧ ਦਾ ਰਸ ਲਿਆ ਸੀ। ਇਸ ਲਈ ਪ੍ਰਭੂ ਉਸਤਤਿ ਮਹਿਮਾ ਲਈ ਆਪਨੇ ਸਰਗੁਨ ਇਸ਼ਟ ਦੇ ਨਾਮ ਨੂੰ ਹੀ ਵਰਤਿਆ।

ਜਾਤ-ਪਾਤ ਵਿਰੋਧੀ ਅਤੇ ਏਕ ਨੂਰ ਤੋਂ ਸਾਰੀ ਮਨੁੱਖਤਾ ਦੀ ਸਿਰਜਨਾ ਮੰਨਣ ਵਾਲੇ ਸੰਤਾਂ ਭਗਤਾਂ ਦੀ ਅਜੋਕੀ ਸਿੱਖੀ ਸੇਵਕੀ ਉਨ੍ਹਾਂ ਦੀ ਜਾਤਾਂ ਤਕ ਸੀਮਤ ਹੋ ਗਈ। ਵੱਡੀ ਤ੍ਰਾਸਦੀ ਇਹ ਹੈ ਕਿ ਗੁਰੂ ਨਾਨਕ ਨੇ ਨਾਹਰਾ ਲਾਇਆ ਸੀ।

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭਿਮਹਿ ਚਾਨਣੁ ਹੋਇ॥* (ਪੰਨਾ 663)

*ਜਾਂ ਸਭੇ ਸਾਂਝੀਵਾਲ ਸਦਾਇਨਿ ਕਿਸੇ ਨ ਦਿਸਹਿ ਬਾਹਰਾ ਜੀਉ॥* (ਪੰਨਾ 97)

ਕੀਰਤਨ ਦੇ ਸੰਦਰਭ ਵਿੱਚ ਅਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਾਈਵਾਲ ਭਗਤੀ ਲਹਿਰ ਦੇ ਸੰਤਾਂ ਦੀ ਸੰਪਰਦਾਵਾਂ ਦੀ ਧਰਮਸ਼ਾਲਾਵਾਂ ਨਾਲ ਜਦੋਂ ਸਿੱਖ ਪਰੰਪਰਾ ਵਲ ਨਜ਼ਰ ਮਾਰਦੇ ਹਾਂ ਤਾਂ ਜਾਤਾਂ ਤੇ ਆਧਾਰਤ ਗੁਰਦਵਾਰਿਆਂ ਦੀ ਹਕੀਕਤ, ਅਜੋਕੇ ਸਿੱਖ ਧਰਮ ਦੇ ਵਿਕਾਸ ਦਾ ਵਿਘਟਨ ਪੱਖ ਉਜਾਗਰ ਕਰਦੀ ਹੈ। ਸਾਰੀ ਮਨੁੱਖਤਾ ਨੂੰ ਜਿਸ ਗੁਰਬਾਣੀ ਦੀ ਸਾਂਝੀ ਪਵਿਤਰ ਪੋਥੀ ਦੇ ਆਧਾਰ ਤੇ ਇੱਕ ਛੱਡ ਹੇਠ ਲਿਉਣ ਦੇ ਦਮਗੱਜੇ ਮਾਰੇ ਜਾਂਦੇ ਹਨ, ਉਸੇ ਗੁਰੂ ਗ੍ਰੰਥ ਸਾਹਿਬ ਦੀ ਜਾਤ ਵੀ ਸੰਗਤਾਂ ਦੀ ਜਾਤ ਵਿਸ਼ੇਸ਼ ਨਾਲ ਜੋੜ ਦਿੱਤੀ ਜਾਂਦੀ ਹੈ। ਅਜਿਹੇ ਸਮੇਂ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਕਾਨੂਨੀ ਸੁਪਰੀਮ ਕੋਟ ਵਿਆਖਿਆ ਵਿਅਕਤੀ ਪਰਕ ਮੰਨ ਲਈ ਹੈ ਤਾਂ ਸ਼ਬਦ ਗੁਰੂ ਦੀ ਪਰੀਭਾਸ਼ਾ ਵੀ ਦੁਬਿਧਾ ਗ੍ਰਸਤ ਹੋ ਜਾਂਦੀ ਹੈ। ਈਸ਼ਵਰ ਨਾ ਕਰੇ, ਕਾਨੂਨੀ ਦਵੰਦ ਸ਼ੁਰੂ ਹੋ ਜਾਵੇ ਤਾਂ ਕਈ ਨਵੇਂ ਮਸਲੇ ਖੜ੍ਹੇ ਹੋ ਜਾਣਗੇ, ਅਜੇ ਤਾਂ ਅਸੀਂ ਜਾਤ ਆਧਾਰਤ ਗੁਰਦੁਵਾਰਿਆਂ ਦੀ ਤ੍ਰਾਸਦੀ ਦਾ ਸਮਾਧਾਨ ਕਰਨ ਵਿੱਚ ਵੀ ਗੰਭੀਰ ਨਹੀਂ ਕਹੇ ਜਾ ਸਕਦੇ।

ਕੀਰਤਨ ਦੀ ਗੁਰੂਦਵਾਰੀ ਜੁਗਤ ਵਿੱਚ ਕੱਚੀ ਬਾਣੀ ਤੇ ਸੱਚੀ ਬਾਣੀ ਦਾ ਮਸਲਾ ਸ੍ਰੀ ਗੁਰੂ ਅਮਰਦਾਸ ਜੀ ਨੇ ਆਨੰਦ ਸਾਹਿਬ ਵਿੱਚ ਜਦੋਂ ਉਜਾਗਰ ਕੀਤਾ ਸੀ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਨ ਸੰਪਾਦਨਾ ਦੀ ਕੋਈ ਭਿਣਕ ਨਹੀਂ ਮਿਲਦੀ। ਉਸ ਸਮੇਂ ਨਿਸ਼ਚਿਤ ਰੂਪ ਵਿੱਚ ਕੱਚੀ ਬਾਣੀ, ਲਖਮੀ ਦਾਸ ਧਰਮ ਚੰਦ ਦੀ ਕਰਤਾਰਪੁਰ ਦੀ ਬੇਦੀ ਗੱਦੀ ਵਲੋਂ ਜਾਂ ਡੇਰਾ ਬਾਬਾ ਨਾਨਕ ਦੀ ਬਾਬਾ ਸ੍ਰੀ ਚੰਦ ਦੀ ਗੱਦੀ ਵਲੋਂ ਰਚੀ ਜਾ ਰਹੀ ਸੀ। ਜਨਮ ਸਾਖੀਆਂ ਵਿੱਚ ਦਰਜ ਬਹੁਤੀ ਕੱਚੀ ਬਾਣੀ ਰਾਗ ਬੱਧ ਹੈ ਅਤੇ ਕੁਝ ਰਾਗ ਵਿਹੀਨ ਸ਼ਲੋਕ ਵੀ ਹਨ। ਪ੍ਰਾਨ ਸੰਗਲੀ ਨਾਮਕ ਪੋਥੀ ਦੀ ਸਾਰੀ ਬਾਣੀ ਰਾਗ ਬੱਧ ਹੈ ਤੇ ਕੁਝ ਵਾਰਤਕ ਵੀ ਦਰਜ ਹੈ। ਇਸ ਪੋਥੀ ਦੀ ਗੰਭੀਰ ਖੋਜ ਇਸ ਨੂੰ ਬਾਬਾ ਸਿਰੀ ਚੰਦ ਦੇ ਕੈਂਪ ਦੀ ਕਿਰਤ ਸਿੱਧ ਕਰਦੀ ਹੈ। ਭਗਵਾਨ ਸ਼ਿਵ ਅਤੇ ਗੁਰੂ ਗੋਰਖ ਨਾਥ ਦੇ ਅਵਤਾਰ ਬਾਬਾ ਸ੍ਰੀ ਚੰਦ ਨੇ ਆਪਣੀ ਵਿਚਾਰਧਾਰਾ ਨੂੰ ਨਿੱਜੀ ਸਿਧਾਂਤਾਂ ਤੇ ਵਿਧੀਆਂ ਨਾਲ ਉਜਾਗਰ ਕਰਦੇ ਹੋਏ ਗੁਰੂ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਸ੍ਰੇਸ਼ਟਤਾ ਦਾ ਉਪਰਾਲਾ ਕਰਦੇ ਹੋਏ ਨਾਨਕ ਨਾਮ ਦੀ ਨਿਰਸੰਕੋਚ ਵਰਤੋਂ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੇ ਉਦਾਸੀ ਜੀਵਨ ਦੇ ਪੱਖ ਨੂੰ ਮੁਖ ਰੱਖ ਕੇ ਉਦਾਸੀ ਸੰਪ੍ਰਦਾ ਦੇ ਬਾਬਾ ਸ੍ਰੀ ਚੰਦ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰੂ ਨਾਨਕ ਜੋਤਿ ਦੀ ਗੱਦੀ ਪਰੰਪਰਾ ਨੂੰ ਮਨ-ਬਚਨ-ਕਰਮ ਕਰਕੇ ਪੰਜਵੇਂ ਜਾਮੇ ਤਕ ਵੀ ਸਵੀਕਾਰ ਨਹੀਂ ਸੀ ਕੀਤਾ। ਭਾਈ ਗੁਰਦਾਸ ਜੀ ਦੀ ਗੁਰੂ ਪਰਿਵਾਰਾਂ ਪ੍ਰਤੀ ਕੀਤੀ ਆਲੋਚਨਾਤਮਕ ਹਕੀਕਤ ਬਿਆਨੀ ਨੂੰ ਵਿਸਾਰ ਵੀ ਦੇਈਏ ਤਾਂ ਸਤੇ ਬਲਵੰਡ ਦੀ ਰਚੀ ਰਾਮਕਲੀ ਦੀ ਵਾਰ ਦੇ ਇਹ ਅੰਸ਼ ਸੱਤ-ਤੱਤ ਉਜਾਗਰ ਕਰ ਦਿੰਦੇ ਹਨ:

*ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨੑ ਮੁਰਟੀਐ॥*
*ਜਿਨਿ ਆਖੀ ਸੋਈ ਕਰੇ, ਜਿਨਿ ਕੀਤੀ ਤਿਨੈ ਥਟੀਐ॥*
*ਕਉਣ ਹਾਰੇ ਕਿਨਿ ਉਵਟੀਐ॥੨॥* (ਪੰਨਾ 866)

ਕੀਰਤਨ ਦੀ ਪਰੰਪਰਾ ਵਿੱਚ ਪ੍ਰਸੰਗਾਂ ਨਾਲ ਖੁੱਲੇ ਕੀਰਤਨ ਵਿੱਚ ਇਤਿਹਾਸ ਤੇ ਫਲਸਫੇ ਤੋਂ ਅਨਜਾਣ ਲਈ ਰਾਗੀ ਤੇ ਪ੍ਰਚਾਰਕ ਬਾਬਾ ਸ੍ਰੀ ਚੰਦ ਜੀ ਦੀ ਗੁਰਮਤਿ ਸਿਧਾਂਤ ਦੇ ਉਲਟ ਵੱਡੀ ਸ੍ਰੇਸ਼ਟਤਾ ਸਿੱਧ ਕਰਨ ਲਗ ਪੈਂਦੇ

ਹਨ। ਅਜਿਹਾ ਕਰਕੇ ਉਹ ਗੁਰਮਤਿ ਸਿਧਾਂਤ, ਗੁਰਬਾਣੀ ਅਤੇ ਇਤਿਹਾਸ ਦੀ ਅਗਿਆਨਤਾ ਦਾ ਹੀ ਪ੍ਰਦਰਸ਼ਨ ਕਰਦੇ ਹਨ।

ਪੰਜਵੇਂ ਜਾਮੇ ਦੇ ਸਮੇਂ ਵਿੱਚ ਪ੍ਰਿਥੀਚੰਦ ਦੇ ਮੀਨਾ ਪਰਿਵਾਰ ਵਲੋਂ ਰਚੀ ਬਾਣੀ ਵਿੱਚ ਨਾਨਕਛਾਪ ਦੀ ਵਰਤੋਂ ਕਰਨ ਦੀ ਦੁਰਚੇਸ਼ਟਾ ਕਾਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ-ਸੰਪਾਦਨ ਦਾ ਸਬਬ ਬਣਿਆ। ਜਿਸਨੂੰ ਦਸ਼ਮੇਸ਼ ਪਿਤਾ ਜੀ ਨੇ, ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਚੜ੍ਹਾ ਕੇ ਆਨੰਦਪੁਰ ਦੇ ਦਮਦਮਾ ਸਥਾਨ ਵਿੱਚ ਵਰਤਮਾਨ ਦਮਦਮੀ ਰੂਪ ਦਿੱਤਾ। ਇਹ ਰਚਨਾਤਮਕ ਪਹਿਲੂ ਪ੍ਰਿੰ. ਹਰਿਭਜਨ ਸਿੰਘ ਨੇ ਆਪਣੀ ਪੁਸਤਕ ਸ੍ਰੀ ਗੁਰੂ ਗ੍ਰੰਥ ਸੰਪਾਦਨ ਨਿਰਣੇ ਵਿੱਚ ਵਿਸਤਾਰ ਨਾਲ ਸਿੱਧ ਕਰਨ ਲਈ 1680-1685 ਦੀ ਹਸਤ ਲਿਖਤ ਬੀੜਾਂ ਦੇ ਹਵਾਲਿਆਂ ਨਾਲ ਪ੍ਰੋੜਤਾ ਦਿੱਤੀ ਹੈ।

ਗੁਰਬਾਣੀ ਬਾਰੇ ਵਿਸਤਾਰ ਵੇਰਵੇ ਦੇਣ ਵਾਲੇ ਵਿਦਵਾਨ ਸ਼ਬਦ ਅਤੇ ਸ਼ਲੋਕ ਦੀ ਪਰੀਭਾਸ਼ਾ ਤੇ ਅੰਤਰ ਦੱਸਣਾ ਵਿਸਾਰ ਦਿੰਦੇ ਹਨ। ਸਭ ਜਾਣਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਆਰੰਭ ਕਰਨ ਸਮੇਂ ਭਾਈ ਮਰਦਾਨਾ ਜੀ ਨੂੰ ਰਬਾਬੀ ਸਵੀਕਾਰ ਕੀਤਾ ਸੀ। ਜਨਮਸਾਖੀਆਂ ਵਿੱਚ ਬਾਰ ਬਾਰ ਦਰਜ ਹੈ- ਮਰਦਾਨਿਆ ਰਬਾਬ ਵਜਾ, ਬਾਣੀ ਆਈ ਹੈ। ਸਮੇਂ ਅਨੁਸਾਰ ਰਾਗ ਦੀ ਸੁਰਾਂ ਵਜਦੀਆਂ ਤੇ ਉਨ੍ਹਾਂ, ਵਿੱਚ ਧੁਰ ਕੀ ਬਾਣੀ ਫਿਜਾਂ ਵਿੱਚ ਅੰਮ੍ਰਿਤ ਘੋਲਦੀ ਤੇ ਸਰੋਤੇ ਕੀਲੇ ਜਾਂਦੇ। ਸੰਤਾਂ ਭਗਤਾਂ ਨਾਲ ਰਬਾਬੀ ਜਾਂ ਸਜਿੰਦੇ ਹੋਣ ਦਾ ਵੇਰਵਾ ਨਹੀਂ ਮਿਲਦਾ ਸਗੋਂ ਸਾਰੇ ਸੰਤ-ਭਗਤ ਨਿੱਜੀ ਰੂਪ ਵਿੱਚ ਤਾਰ ਵਾਲੇ ਸਾਜਾਂ ਦੀ ਵਰਤੋਂ ਕਰਦੇ ਸਨ। ਉਦਾਸੀਆਂ ਤੋਂ ਪਹਿਲਾਂ ਉਚਾਰੀ ਹੋਈ ਬਹੁਤੀ ਬਾਣੀ ਲਾਜਮੀ ਤੌਰ ਤੇ ਸ਼ਲੋਕ ਹੀ ਹਨ। ਕਿਉਂਕਿ ਸਮੇਂ ਤੇ ਮਾਹੌਲ ਅਨੁਸਾਰ ਤਤਖਿੰਨ ਉਤਰੀ ਬਾਣੀ ਸ਼ਲੋਕ ਰੂਪ ਵਿੱਚ ਰਾਗ ਰਹਿਤ ਰੂਪ ਵਿੱਚ ਉਤਰੀ ਸੀ। ਜਨੇਊ ਬਾਰੇ ਉਚਾਰੇ ਸ਼ਲੋਕ ਆਸਾ ਦੀ ਵਾਰ ਵਿੱਚ ਰੋਜ ਪੜ੍ਹੇ ਜਾਂਦੇ ਹਨ।

ਰਾਗ ਰਹਿਤ ਬਾਣੀ ਅਰਥਾਤ ਸ਼ਲੋਕਾਂ ਨੂੰ ਵੱਖ ਵੱਖ ਵਾਰਾਂ ਗੁਰੂ ਉਪਦੇਸ਼ ਨੂੰ ਵਧੇਰੇ ਉਜਾਗਰ ਕਰਨ ਲਈ ਵਰਤਿਆ ਗਿਆ, ਇਸ ਸੰਪਦਾਨ ਕੌਸ਼ਲ ਵਿਚੋਂ ਬਚੇ ਸ਼ਲੋਕਾਂ ਨੂੰ "ਸਲੋਕ ਵਾਰਾਂ ਤੋਂ ਵਧੀਕ" ਦੇ ਸਿਰਲੇਖ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਸੰਜੋਇਆ ਗਿਆ। ਕੱਚੀ ਅਤੇ ਸੱਚੀ ਬਾਣੀ ਬਾਰੇ ਦੁਬਿਧਾ ਗ੍ਰਸਤ ਪ੍ਰੇਮੀਆਂ ਅੱਗੇ ਬੇਨਤੀ ਕੀਤੀ ਜਾਂਦੀ ਹੈ ਕਿ ਟਕਸਾਲੀ ਸੱਚੀ ਬਾਣੀ ਦੀ ਇੱਕ ਤੁਕ ਵੀ ਪੋਥੀ ਪਰਮੇਸ਼ਰ ਕਾ ਥਾਨ ਵਿੱਚ ਦਰਜ ਕਰਨ ਤੋਂ ਬਗੈਰ ਨਹੀਂ ਛੱਡੀ ਗਈ। ਇਸ ਤੱਥ ਦੀ ਪ੍ਰਮਾਣਿਕਤਾ ਲਈ ਵਾਰਾਂ ਤੋਂ ਵਧੀਕ ਸ਼ਲੋਕ ਸਹਾਇਕ ਹਨ:

*ਲਾਹੋਰ ਸਹਰੁ ਜਹਰੁ ਕਹਰੁ ਸਵਾ ਪਹਰੁ॥* (ਮਹਲਾ ੧, 27)
*ਲਾਹੌਰ ਸਹਰੁ ਅੰਮ੍ਰਿਤਸਰ ਸਿਫਤੀ ਦਾ ਘਰੁ॥* (ਮਹਲਾ ੩, 28)

ਇਸੇ ਲਈ

*ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥*
*ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥* (ਪੰਨਾ 33)

ਨਿਰਧਾਰਤ ਰਾਗਾਂ ਵਿੱਚ ਕੀਰਤਨ ਦੀ ਟਕਸਾਲੀ ਜੁਗਤ ਵਿੱਚ ਸ਼ਲੋਕਾਂ ਰੂਪੀ ਸਾਰੀ ਬਾਣੀ ਅਜਿਹੀ ਬੰਦਿਸ਼ ਤੋਂ ਮੁਕਤ ਹੈ ਭਾਵੇਂ ਇਹ ਸ਼ਲੋਕ ਕਿਸੇ ਵਾਰ ਵਿੱਚ ਵੀ ਸ਼ਾਮਲ ਕੀਤੇ ਗਏ ਹਨ। ਸ਼ਾਇਦ ਕੁਝ ਸ਼ੁਧਤਾ ਵਾਦੀ ਇਸ ਕਥਨ ਨਾਲ ਪਹਿਲੀ ਨਜਰੇ ਸਹਿਮਤ ਨਾ ਹੋਣ ਪਰ ਗੰਭੀਰ ਚਿੰਤਨ ਇਸ ਸਹਿਮਤੀ ਤੇ ਪੁਚਾ ਹੀ ਦੇਵੇਗਾ। ਨਿਰਧਾਰਤ ਰਾਗ ਵਿੱਚ ਕੀਰਤਨ ਕਰਨ ਦੀ ਟਕਸਾਲੀ ਲੋੜ ਨਾਲ ਨਿਰਧਾਰਤ ਰਾਗ ਨੂੰ ਰਾਗ ਦੇ ਨਿਰਧਾਰਤ ਸਮੇਂ ਦੇ ਅਨੁਸ਼ਾਸਨ ਅਨੁਸਾਰ ਗਾਉਣਾ ਵੀ ਜ਼ਰੂਰੀ ਹੈ। ਸੰਤ ਜੀ ਮਹਾਰਾਜ ਕਿਲੇ ਵਾਲਿਆਂ (ਗਰੀਬ ਨਿਵਾਜ ਸੰਤ ਹਰਨਾਮ ਸਿੰਘ ਜੀ ਮਹਾਰਾਜ ਬਾਨੀ ਨੀਲਧਾਰੀ ਸੰਪ੍ਰਦਾ) ਕੋਲ ਕਿਲਾ ਸੂਬਾ ਸਿੰਘ (ਜਿਲਾ ਸਿਆਲਕੋਟ) ਵਿੱਚ ਨਨਕਾਣੇ ਸਾਹਿਬ ਦਾ ਰਾਗੀ ਗਿਆਨ ਸਿੰਘ ਅਲਮਸਤ ਆਇਆ ਸੀ। ਅਹਿਸਾਨ ਭਰੇ ਸੰਵਾਦ ਨਾਲ ਅਲਮਸਤ ਨੇ ਕੀਰਤਨ ਆਰੰਭ ਕੀਤਾ ਅਤੇ ਗੁਰਬਾਣੀ ਦਾ ਗਲਤ ਉਚਾਰਣ ਵੀ ਕੀਤਾ। ਸੰਤ ਜੀ ਮਹਾਰਾਜ ਕੀਰਤਨ ਸਮੇਂ ਗੁਰਬਾਣੀ ਸੈਂਚੀਆਂ ਹਮੇਸ਼ਾ ਇੱਕ ਸੇਵਕ ਰਾਹੀਂ ਕੋਲ ਰੱਖਦੇ ਸਨ। ਸ਼ਬਦ ਗਾਇਨ ਤੋਂ ਬਾਦ ਅਲਮਸਤ ਜੀ ਨੂੰ ਉਚਾਰਣ ਅਸ਼ੁਧਤਾ ਦਸੀ ਗਈ ਤੇ ਉਨ੍ਹਾਂ ਦੇ ਹੰਕਾਰ ਦਾ ਸੁਰ ਕੁਝ ਨੀਵਾਂ ਹੋਇਆ। ਅਗਲਾ ਸ਼ਬਦ ਸ਼ੁਰੂ ਕਰਨ ਲਈ ਸੁਰਾਂ ਛੇੜੀਆਂ ਹੀ ਸਨ ਤਾਂ ਸੰਤ

ਜੀ ਨੇ ਪੁੱਛਿਆ ਫਲਾਣਾ ਰਾਗ ਕਰਨ ਲਗੇ ਹੋ? ਅਲਮਸਤ ਨੂੰ ਬੜੀ ਹੈਰਾਨੀ ਹੋਈ ਕਿ ਇੱਕ ਪਿੰਡ ਦਾ ਪ੍ਰਤਾਪੀ ਸਾਧ ਨੇ ਸੁਰਾਂ ਤੇ ਉਂਗਲਾਂ ਰੱਖਣ ਨਾਲ ਹੀ ਰਾਗ ਦੀ ਪਹਿਚਾਨ ਦੱਸ ਦਿੱਤੀ ਹੈ। ਪਰ ਅਜੇ ਉਸਦੀ ਹੈਰਾਨੀ ਨੇ ਅਸੀਮਤ ਹੋਣਾ ਸੀ ਅਤੇ ਹੰਕਾਰ ਦੇ ਕੜ ਨੇ ਟੁੱਟਣਾ ਸੀ, ਜਦੋਂ ਸੰਤ ਜੀ ਮਹਾਰਾਜ ਨੇ ਕਿਹਾ, ਕਿ ਇਸ ਰਾਗ ਦਾ ਸਮਾਂ ਤਾਂ ਇੱਕ ਘੰਟਾ ਪਹਿਲਾਂ ਖਤਮ ਹੋ ਚੁੱਕਿਆ ਹੈ। ਇਹ ਟਕਸਾਲੀ ਟਿੱਪਣੀ ਸੁਣ ਕੇ ਅਲਮਸਤ ਪਾਨੀ ਪਾਨੀ ਹੋ ਗਿਆ ਤੇ ਸੰਤ ਜੀ ਮਹਾਰਾਜ ਦੇ ਚਰਣਾਂ ਤੇ ਢਹਿ ਪਿਆ ਤੇ ਬੇਨਤੀ ਕੀਤੀ- ਮਹਾਰਾਜ, ਅੱਜ ਤੱਕ ਕਿਸੇ ਨੇ ਬਾਣੀ ਦੀ ਸ਼ੁਧਤਾ ਲਈ ਨਹੀਂ ਸੀ ਟੋਕਿਆ ਅਤੇ ਨਾ ਹੀ ਕਿਸੇ ਨੇ ਰਾਗ ਦੇ ਗਾਇਨ ਦੇ ਨਿਰਧਾਰਤ ਸਮੇਂ ਵਲ ਸੋਝੀ ਦੁਆਈ ਸੀ। ਇਹ ਦਾਤ ਆਪ ਜੀ ਤੋਂ ਪ੍ਰਾਪਤ ਹੋਈ ਹੈ ਤੇ ਅੱਗੇ ਤੋਂ ਬਖ਼ਸ਼ਿਸ਼ ਕਰੋ। ਫੇਰ ਨਿਰਮਾਨਤਾ ਨਾਲ ਜੋ ਕੀਰਤਨ ਹੋਇਆ ਉਸ ਦਾ ਰਸ ਰੰਗ ਅਲਮਸਤ ਲਈ ਵੀ ਨਿਵੇਕਲਾ ਹੀ ਅਨੁਭਵ ਸੀ।

ਅੱਜ ਜਦੋਂ ਨਿਰਵਿਵਾਦ ਰੂਪ ਵਿੱਚ ਨਿਰਧਾਰਤ ਹੋ ਚੁੱਕਿਆ ਹੈ ਕਿ ਗੁਰਧਾਮਾਂ ਵਿੱਚ ਅੰਮ੍ਰਿਤ ਧਾਰੀ ਗੁਰਸਿੱਖ ਹੀ ਕੀਰਤਨ ਕਰ ਸਕਦੇ ਹਨ ਤਾਂ ਇਹ ਚੇਤਨਾ ਵੀ ਦਮਦਮੀ ਟਕਸਾਲ ਦੇ ਉੱਧਮ ਨਾਲ ਆ ਚੁੱਕੀ ਹੈ। ਕਿ ਅੰਮ੍ਰਿਤਧਾਰੀ ਮਾਸਾਹਾਰ ਨਹੀਂ ਕਰ ਸਕਦਾ। ਦੇਸ਼ ਵੰਡ ਤੋਂ ਬਾਦ ਕਿਲੇ ਵਾਲੇ ਸੰਤਾਂ ਨੇ ਨੁਸ਼ਹਿਰਾ ਮੱਝਾ ਸਿੰਘ ਗੁਰਦਾਸਪੁਰ ਵਿੱਚ ਡੇਰਾ ਬਣਾਇਆ। ਇੱਥੇ ਰਾਗੀ ਗਿਆਨ ਸਿੰਘ ਅਲਮਸਤ ਅਤੇ ਰਾਗੀ ਸਮੁੰਦ ਸਿੰਘ ਦਾ ਇਸ ਲਈ ਕੀਰਤਨ ਸਰਵਣ ਨਹੀਂ ਸੀ ਕੀਤਾ ਕਿ ਉਹ ਮਾਂਸਾਹਾਰ ਕਰਦੇ ਹਨ। ਬਚਪਨ ਤੋਂ ਅਲਮਸਤ ਕੋਲ ਪੁੱਤਰਾਂ ਵਾਂਗ ਪਲੇ ਤੇ ਪੜ੍ਹੇ ਠਾਕੁਰ ਜੀ ਨੂੰ ਬੜੀ ਠੇਸ ਵੱਜੀ ਤੇ ਉਹ ਆਪਣੇ ਮਗਰੋਂ ਪਾਲਕ ਉਸਤਾਦ ਤੋਂ ਸੁਤੰਤਰ ਹੋ ਕੇ ਆਤਮ ਚਿੰਤਨ ਵਲ ਵਧਿਆ। ਠਾਕੁਰ ਨੂੰ ਮਗਰੋਂ ਨੁਸ਼ਹਿਰੇ ਵਿੱਚ ਆ ਕੇ ਕਿੰਨਾ ਚਿਰ ਕੀਰਤਨ ਦਾ ਮੌਕਾ ਨਾ ਮਿਲਿਆ ਤੇ ਉਹ ਸੰਤ ਜੀ ਨਾਲ ਮੰਡੀ ਹਿਮਾਚਲ ਤੇ ਫੇਰ ਬੱਗੀ ਪਿੰਡ ਪੁੱਜਿਆ। ਉੱਥੇ ਆਸਾ ਦੀ ਵਾਰ ਤੋਂ ਬਾਦ ਜਦੋਂ ਠਾਕੁਰ ਨੂੰ ਸਮਾਂ ਮਿਲਿਆ ਤਾਂ ਹਜੂਰੀ ਰਾਗੀ ਭਾਈ ਕਰਮ ਸਿੰਘ ਨੇ ਵਾਜੇ ਦਾ ਪੱਖਾ ਚਲਾਇਆ ਤੇ ਠਾਕੁਰ ਨੇ ਇੱਕ ਹੱਥ ਨਾਲ ਸੁਰਾਂ ਚਲਾਈਆਂ ਤੇ ਦੂਜੇ ਨਾਲ ਤਾਲ ਪੂਰੀ। ਹਜੂਰੀ ਪਖਾਵਜੀ ਭਾਈ ਭਾਨ ਸਿੰਘ ਤਾਲ ਦੇਣ ਵਿੱਚ ਅਸਮਰਥ ਸੀ ਪਰ ਠਾਕੁਰ ਗੁਰਬਾਣੀ ਦੀ ਸ਼ੁਧਤਾ ਤੋਂ ਅਵੇਸਲਾ ਸੀ। ਮਗਰੋਂ ਸੰਤ ਜੀ ਮਹਾਰਾਜ ਨੇ ਠਾਕੁਰ ਨੂੰ ਭਾਈ ਕਰਮ ਸਿੰਘ ਦੇ ਜੱਥੇ ਤੋਂ ਗੁਰਬਾਣੀ ਦੀ ਸ਼ੁਧਤਾ ਦੀ ਸਿੱਖਿਆ ਲੈਣ ਲਈ ਕਿਹਾ ਅਤੇ ਰਾਗੀ ਜੱਥੇ ਨੂੰ ਠਾਕੁਰ ਜੀ ਤੋਂ ਰਾਗ ਵਿਦਿਆ। ਠਾਕੁਰ ਵਰਗੀ ਲੰਮੀ ਲੰਮੀ ਕਲਾਤਮਕ ਉਂਗਲੀਆਂ ਅੱਜ ਤਕ ਕਿਸੇ ਹੋਰ ਰਾਗੀ ਜਾਂ ਕਲਾਕਾਰ ਦੀ ਨਜਰ ਨਹੀਂ ਆਈਆਂ। ਸੰਗੀਤ ਕੌਸ਼ਲ ਵਿੱਚ ਠਾਕੁਰ ਦਾ ਕਈ ਤੰਤੀ ਸਾਜਾਂ ਤੇ ਜਲ ਤਰੰਗ ਉੱਤੇ ਉਸਤਾਦ ਅਲਮਸਤ ਨਾਲੋਂ ਵੱਧ ਅਧਿਕਾਰ ਦਾ ਕਾਰਣ ਇਹ ਜਨਮਜਾਤ ਕਲਾਕਾਰੀ ਉਂਗਲਾਂ ਦੀ ਬਦੌਲਤ ਹੀ ਹੈ। ਪਰ ਠਾਕੁਰ ਨੇ ਮਗਰੋਂ ਪਟਿਆਲੇ ਡੇਰੇ ਦਾਰੀ ਬਾਣਾ ਕੇ ਸਿੱਧ ਸੰਤ ਦੀ ਛਬੀ ਬਣਾ ਕੇ ਸੰਗੀਤ ਵਿਰਾਸਤ ਨੂੰ ਨਹੀਂ ਆਪ ਸੰਭਾਲਿਆ ਹੈ ਅਤੇ ਨਾ ਹੀ ਵੰਡਿਆ ਹੀ ਹੈ।

ਮਹਾਂਭਾਰਤ ਵਿੱਚ ਪਾਡਵਾਂ ਦੇ ਹਿਮ ਆਰੋਹਨ ਸਮੇਂ ਜਦੋਂ ਨਕੁਲ ਮਰ ਕੇ ਡਿੱਗ ਪਿਆ ਤਾਂ ਭੀਮ ਨੇ ਧਰਮ ਰਾਜ ਯੁਧਿਸ਼ਟਰ ਨੂੰ ਨਕੁਲ ਦੇ ਡਿਗਣ ਦਾ ਕਾਰਣ ਪੁੱਛਿਆ। ਧਰਮਰਾਜ ਨੇ ਕਿਹਾ- ਭੀਮ, ਨਕੁਲ ਤਾਰਾ ਵਿਗਿਆਨ ਦਾ ਮਹਾਨ ਜਾਣਕਾਰ ਸੀ ਪਰ ਇਸ ਨੇ ਕਿਸੇ ਨੂੰ ਆਪਣਾ ਸ਼ਿਸ਼ ਬਣਾ ਕੇ ਗੁਰੁਰਿਣ ਨਹੀਂ ਉਤਾਰਿਆ ਇਸ ਲਈ ਧਰਾਸ਼ਾਹੀ ਹੋ ਗਿਆ। ਪੌਰਾਣਿਕ ਜੁਗਤ ਨਾਲ ਸੰਸਾਰ ਵਿੱਚ ਵੰਸ਼ ਵੇਲ ਖਲਾ ਕੇ ਪਿਤਾ ਰਿਣ ਉਤਾਰਿਆ ਜਾਂਦਾ ਹੈ ਅਤੇ ਮਾਪਿਆਂ ਦੀ ਬੁਢਾਪੇ ਵਿੱਚ ਸੇਵਾ ਕਰਕੇ ਪੁੱਤ੍ਰ ਰਿਣ ਉਤਾਰਿਆ ਜਾਂਦਾ ਹੈ ਅਤੇ ਮਾਪਿਆ ਦੀ ਬੁਢਾਪੇ ਵਿੱਚ ਸੇਵਾ ਕਰਕੇ ਪੁਤਰ ਰਿਣ ਉਤਾਰਿਆ ਜਾਂਦਾ ਹੈ। ਸਮਾਜ ਦੀ ਸਿਰਜਨਾ ਅਤੇ ਕਲਾਵਾਂ ਦੇ ਸ਼ਾਸ਼ਤਰੀ ਅਨੁਸ਼ਾਸਨ ਵਿੱਚ ਹੀ ਮਨੁੱਖ ਦੇ ਹਿਕ ਤੇ ਮਾਨਸਿਕ ਵਿਕਾਸ ਦੇ ਨਵੇਂ ਰਾਹ ਹੀ ਖੁਲ੍ਹਦੇ ਹਨ। ਇਸ ਤਰ੍ਹਾਂ ਕਲਾ ਦੇ ਵਿਰਸੇ ਨੂੰ ਨਿੱਜੀ ਜੀਵਨ ਤੱਕ ਸੀਮਤ ਕਰ ਦੇਣ ਨਾਲ ਕਲਾ ਤੇ ਮਨੁੱਖਤਾ ਦਾ ਵਿਕਾਸ ਰੁਕ ਜਾਂਦਾ ਹੈ ਇਸ ਤੱਥ ਨੂੰ ਸਵੀਕਾਰ ਕਰਕੇ ਗੁਰੂ ਸ਼ਿਸ਼ ਪਰੰਪਰਾ ਵਿਕਸਿਤ ਹੋਈ। ਜਨਮਦਾਤਾ ਮਾਤਾ ਪਿਤਾ ਤੋਂ ਗਿਆਨ-ਕਲਾ ਸਿੱਖਿਆ ਦੇਣ ਵਾਲਾ ਗੁਰੂ ਜ਼ਿਆਦਾ ਪੂਜਨੀਕ ਹੋ ਜਾਂਦਾ ਹੈ। ਸਿੱਖ ਧਰਮ ਤਾਂ ਖਲੋਤਾ ਹੀ ਗੁਰੂ ਸ਼ਿਸ਼ ਪਰੰਪਰਾ ਉੱਤੇ ਹੈ ਅਤੇ ਇੱਕ ਸਿੱਖ ਨੂੰ ਸਦਾ ਸਿਖਦੇ ਹੀ ਰਹਿਣਾ ਚਾਹੀਦਾ ਹੈ। ਜੀਵਨ ਪਰਯੰਤ ਸਿੱਖਨ ਦੀ ਭਾਵਨਾ ਨਾਲ ਜੀਵਨ ਗੁਜਾਰਨ ਵਾਲਾ ਹੀ ਸਦਾ ਸਿੱਖ ਕਿਹਾ ਜਾ ਸਕਦਾ ਹੈ। ਸਿੱਖੀ ਜੇਕਰ ਮਾਰਗ ਹੈ ਤਾਂ ਪੂਰਨ ਗੁਰਸਿੱਖੀ ਇਸ ਦੀ ਮੰਜਿਲ ਹੈ।

ਸਿੱਖੀ ਦੇ ਵਿਕਾਸ ਵਿੱਚ ਸਭ ਤੋਂ ਵੱਧ ਉਪਮਾ ਨਾਮ ਸਿਮਰਨ ਦੀ ਕੀਤੀ ਗਈ ਹੈ ਅਤੇ ਗੁਰਬਾਣੀ ਦੇ ਸਮੁੱਚੇ ਸ਼ਬਦ ਗੁਰੂ ਸਰੂਪ ਦਾ ਸੂਖਸ਼ਮ ਸਰੂਪ ਇਹ ਨਾਮ ਹੈ- *"ਵਾਹਿਗੁਰੂ ਗੁਰ ਮੰਤ੍ਰ ਹੈ ਜਪੁ ਹਉਮੈ ਖੋਈ"* ਸੁਖਮਨੀ ਸਾਹਿਬ ਵਿੱਚ ਕੇਵਲ ਨਾਮ ਦੀ ਮਹਿਮਾ ਹੀ ਹੈ ਤੇ ਇਸ ਬਾਣੀ ਦੀ ਚੌਵੀ ਅਸ਼ਟਪਦੀਆਂ ਦੇ ਚੌਵੀ ਸ਼ਲੋਕਾਂ ਨਾਲ 192 ਪਦੇ ਹਨ ਤੇ ਹਰੇਕ ਪਦਾ ਦਸ ਤੁਕਾਂ ਦਾ ਹੈ। ਪਹਿਲੇ ਪਦੇ ਵਿੱਚ ਰਹਾਉ ਦੀਆਂ ਦੋ ਤੁਕਾਂ ਵਾਧੂ ਹਨ-

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥*
*ਭਗਤਾ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥*

ਨਾਮ ਦੀ ਉਪਮਾ ਵਿੱਚ ਗੁਰਬਾਣੀ ਸੰਦਰਭਾ ਦੇਣਾ ਸ਼ੁਰੂ ਕਰੀਏ ਤਾਂ ਅੱਧੀ ਗੁਰਬਾਣੀ ਸਮਾ ਜਾਵੇਗੀ ਫੇਰ ਵੀ:

1. *ਅੰਮ੍ਰਿਤ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥*
   *ਜਿਸੁ ਸਿਮਰਿਤ ਸੁਖੁ ਪਾਈਐ ਸਭ ਤਿਖਾ ਬੁਝਾਈ॥* (ਪੰਨਾ 318)
2. *ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ*
   *ਦੇਹੀ ਮਹਿ ਇਸ ਕਾ ਬਿਸ੍ਰਾਮ॥* (ਪੰਨਾ 293)
3. *ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚ ਪਾਇਆ ਤੇਲ॥*
   *ਉਨਿ ਚਾਨਣਿ ਓਹੁ ਸੋਖਿਆ ਚੂਕਾ ਜਾ ਸਿਉ ਮੇਲੁ॥* (ਪੰਨਾ 358)
4. *ਅੰਮ੍ਰਿਤ ਨਾਮੁ ਪਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ॥* (ਪੰਨਾ 616)
5. *ਨਾਮੁ ਨਿਰੰਜਨੁ ਨੀਰਿ ਨਰਾਇਣਿ॥*
   *ਰਸਨਾ ਸਿਮਰਤ ਪਾਪ ਬਿਲਾਇਣ॥* (ਪੰਨਾ 868)
6. *ਹਰਿ ਬਿਨੁ ਕਰੁ ਨ ਲਾਗਈ ਭਗਤਣ ਕਉ ਮੀਰਾ॥*
   *ਆਨ ਸੁ ਆਦ ਸਭਿ ਫੀਕਿਆ ਕਰ ਨਿਰਨਉ ਡੀਠਾ॥* (ਪੰਨਾ 708)
7. *ਵਡੜੈ ਝਾਲਿ ਝਲੁੰਬਲੈ ਨਾਵੜਾ ਲਈਐ ਕਿਸੇ॥*
   *ਨਾਉ ਲਈਐ ਪਰਮੇਸਰੈ ਭੰਨਣ ਘੜਨ ਸਮਰਥ॥* (ਪੰਨਾ 1420)
8. *ਲਾਜ ਮਰੈ ਜੋ ਨਾਮੁ ਨ ਲੇਵੈ॥*
   *ਨਾਮ ਬਿਹੂਨ ਸੁਖੀ ਕਿਉ ਸੋਵੈ॥* (ਪੰਨਾ 1149)
9. *ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ॥*
10. *ਕਬੀਰ ਸੇਵਾ ਕਉ ਦੋਇ ਭਲੇ ਏਕੁ ਸੰਤੁ ਇਕੁ ਰਾਮੁ॥*
    *ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥* (ਪੰਨਾ 1373)
11. *ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥*
    *ਅਚਰਜ ਰੂਪ ਸੰਤਨ ਰਚੈ ਨਾਨਕ ਨਾਮਹਿ ਰੰਗ॥* (ਪੰਨਾ 319)

ਗੁਰਬਾਣੀ ਵਿੱਚ ਮੰਗਲਾਚਰਣ ਤੋਂ ਬਾਦ ਪਹਿਲਾ ਸ਼ਬਦ ਹੈ- ਜਪ। ਜਪਨਾ ਕਿਸ ਨੂੰ ਹੈ? ਕਿਹੜਾ ਆਦਿ, ਜੁਗਾਦਿ, ਵਰਤਮਾਨ ਤੇ ਭਵਿੱਖ ਵਿੱਚ ਸਦਾ ਸਚੁ ਸਰੂਪ ਹੈ। ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਵਾਹਿਗੁਰੂ' ਰੂਪੀ ਸ਼ਾਸ਼ਤਰਾਂ ਤੋਂ ਵਖਰਾ-ਵਿਲੱਖਣ ਤੇ ਨਵੇਕਲਾ ਨਾਮ ਦਿੱਤਾ ਹੈ। ਇਸ ਲਈ ਖੰਡੇ ਪਾਹੁਲ ਛਕਾਣ ਸਮੇਂ ਪੰਦਰਾਂਵਾਰੀ ਆਖਿਆ ਜਾਂਦਾ ਹੈ- ਬੋਲ ਵਾਹਿਗੁਰੂ ਜੀ ਕਾ ਖਾਲਸਾ। ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਮਗਰੋਂ ਅੰਮ੍ਰਿਤ ਪਾਨ ਕਰਨ ਵਾਲਾ ਦੁਹਰਾਂਦਾ ਹੈ- ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਗੁਰੂਬਾਣੀ ਦੀ ਸ਼ਬਦ ਰਚਨਾ ਵਿੱਚ ਰਹਾਉ ਜਰੂਰ ਹੁੰਦਾ ਹੈ ਅਤੇ ਇਸ ਰਹਾਉ ਨੂੰ ਸ਼ਬਦ ਦਾ ਅੰਤਰੀਵ ਜਾਂ ਕੇਂਦਰੀ ਭਾਵ ਕਿਹਾ ਜਾਂਦਾ ਹੈ। ਟਕਸਾਲੀ ਗੁਰਮਤਿ ਰੀਤ ਨਾਲ ਗੁਰਬਾਣੀ ਕੀਰਤਨ ਕਰਨ ਵਾਲਿਆਂ ਲਈ ਰਹਾਉ ਨੂੰ ਸਥਾਈ ਬਣਾ ਕੇ ਹੀ ਸ਼ਬਦ ਗਾਇਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਗੁਰਮਤਿ ਰੀਤ ਨਾਲ ਕੀਰਤਨ ਕਰਨ ਸਮੇਂ ਜਰੂਰੀ ਹੈ ਕਿ, 1. ਸ਼ਬਦ ਕੀਰਤਨ ਨਿਰਧਾਰਿਤ ਰਾਗ ਵਿੱਚ ਕੀਤਾ ਜਾਵੇ। 2. ਰਾਗ ਨੂੰ ਨਿਰਧਾਰਤ ਸਮਾਂ ਅਨੁਸ਼ਾਸਨ ਅਨੁਸਾਰ ਹੀ ਗਾਇਆ ਜਾਵੇ। ਉਸ ਰਾਗ ਦੀ ਸੋਝੀ ਨਾ ਹੋਵੇ ਤਾਂ ਉਸੇ ਸਮੇਂ ਦੇ ਦੂਜੇ ਰਾਗ ਵਿੱਚ ਗਾਇਨ

ਕੀਤਾ ਜਾ ਸਕਦਾ ਹੈ। 3. ਕੀਰਤਨ ਰਹਾਉ ਨੂੰ ਸਥਾਈ ਲੈ ਕੇ ਹੀ ਕੀਤਾ ਜਾਵੇ। ਸ਼ਬਦ ਦੇ ਅਵਤਰਨ ਦਾ ਸਮਾਂ ਉਸ ਦੇ ਰਾਗ ਤੋਂ ਪਤਾ ਲਗ ਜਾਂਦਾ ਹੈ ਅਤੇ ਉਸੇ ਸਮੇਂ ਦਾ ਮਾਹੌਲ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇਕਰ ਨਿਰਧਾਰਤ ਜਾ ਸਮਕਾਲੀ ਰਾਗ ਵਿੱਚ ਗਾਇਨ ਕੀਤਾ ਜਾਵੇ। ਇੱਥੇ ਸੂਧੀਵਾਦੀ ਫੇਰ ਏਤਰਾਜ ਕਰ ਸਕਦੇ ਹਨ ਪਰ ਰਾਗਾਂ ਦੀ ਵਿਸ਼ਾਲ ਗਿਆਨ ਸਿਖਿਆ ਲਈ ਅਜਿਹਾ ਕਰਨਾ ਨਿਆਸ਼ੀਲ ਗੁਰਮਤਿ ਹੋਵੇਗੀ। ਸ਼ਲੋਕਾਂ ਵਿੱਚ ਕੋਈ ਰਹਾਉ ਨਹੀਂ ਹੁੰਦਾ ਅਤੇ ਉਹ ਰਾਗ ਤੇ ਉਸਦੇ ਅਨੁਸ਼ਾਸ਼ਨ ਤੋਂ ਸੁਤੰਤਰ ਹਨ ਅਤੇ ਸੁਗਮ ਸੰਗੀਤਕਾਰ ਨੂੰ ਗਾਇਨ ਲਈ ਸ਼ਲੋਕ ਰੂਪੀ ਗੁਰਬਾਣੀ ਦੀ ਚੋਣ ਕਰਨੀ ਹੀ ਸੁਵਿਧਾ ਜਨਕ ਰਹੇਗੀ।

ਗੁਰਬਾਣੀ ਵਿੱਚ ਕੁਝ ਰਾਗਾਂ ਦੀ ਬੜੀ ਸੁੰਦਰ ਪਰਿਭਾਸ਼ਾ ਤੇ ਉਪਮਾ ਦਿੱਤੀ ਗਈ ਹੈ ਕਿਉਂਕਿ-

*ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਭਿਖ ਜਾਏ॥* ਪੰਨਾ 958

ਅਤੇ

*ਸਭਨਾਂ ਰਾਗਾਂ ਵਿਚ ਸੋ ਭਲਾ ਭਾਈ ਜਿਤੁ ਵਸਿਆ ਮਨਿਆਇ॥*
*ਰਾਗ ਨਾਦੁ ਸਭ ਸਚੁ ਹੈ ਕੀਮਤ ਕਹੀ ਨ ਜਾਇ॥* (ਪੰਨਾ 1423)

ਰਾਗ ਸਿਮਰਨ ਵਿੱਚ ਏਕਾਗਰਤਾ ਲਈ ਸਦਾ ਸਹਾਈ ਹੁੰਦਾ ਹੈ।

*ਰਾਗ ਵਿਚਿ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ॥*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥* (ਪੰਨਾ 83)
*ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥*
*ਰਾਮ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ॥* (ਪੰਨਾ 849)
*ਸੋਰਠਿ ਸਦਾ ਸੁਹਾਵਣੀ* (ਪੰਨਾ 642)
*ਤੇ ਸੋਰਠਿ ਸੋ ਰਸੁ ਪੀਜੀਐ* (ਪੰਨਾ 1426)

ਆਨੰਦ ਪ੍ਰਾਪਤੀ ਦੀ ਸਪਸ਼ਟ ਗੁਰਬਾਣੀ ਆਨੰਦ ਸਾਹਿਬ ਦੀ ਪਹਿਲੀ ਪਉੜੀ ਵਲ ਕੀਰਤਨੀਆਂ ਨੂੰ ਵਿਸ਼ੇਸ਼ ਗੌਰ ਕਰਨਾ ਚਾਹੀਦਾ ਹੈ-

*ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ॥*
*ਸਤਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆਂ।*
*ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।*

ਪੰਜ ਸ਼ਬਦ ਅਤੇ ਅਨਹਦ ਨਾਦ ਦੇ ਅਨੁਭਵ ਵਾਲੇ ਪ੍ਰੇਮੀ ਇਸ ਰਹੱਸ ਤੋਂ ਪਰਦਾ ਚੁੱਕ ਸਕਦੇ ਹਨ ਪਰ ਨਿਸ਼ਚਿਤ ਰੂਪ ਵਿੱਚ ਅਜਿਹੀ ਅਨੁਭੂਤੀ ਇਕੋ ਜਿਹੀ ਨਹੀਂ ਹੋ ਸਕਦੀ। ਇੱਕ ਪ੍ਰੇਮੀ ਨੂੰ ਨਿੱਜੀ ਰੂਪ ਵਿੱਚ ਜਾਣਦਾ ਹਾਂ ਜਿਸਨੇ ਆਪਣੀ ਧਿਆਨ ਅਵਸਥਾ ਵਿੱਚ ਜਾਣ ਤੋਂ ਪਹਿਲਾਂ ਅਰਦਾਸ ਕੀਤੀ ਸੀ ਕਿ "ਰਾਗ ਰਤਨ ਪਰਵਾਰ ਪਰੀਆਂ ਸ਼ਬਦ ਗਾਵਣ ਆਈਆਂ", ਦਾ ਦਰਸ਼ਨ ਹੋਵੇ। ਗੁਰੂ ਕਿਰਪਾ ਨਾਲ ਉਸਨੇ ਜੋ ਦ੍ਰਿਸ਼ ਦੇਖਿਆ ਉਸ ਬਾਰੇ ਸੁਣ ਕੇ ਵੀ ਰੁਮਾਂਚ ਹੁੰਦਾ ਹੈ ਅਤੇ ਆਸਥਾ ਦ੍ਰਿੜ ਹੁੰਦੀ ਹੈ ਕਿ ਗੁਰਬਾਣੀ ਵਿੱਚ ਕੇਵਲ ਯਥਾਰਥ ਅਤੇ ਸੱਚ ਨਿਰੂਪਣ ਹੋਇਆ ਹੈ।

ਚਿਤ੍ਰਕਾਰਾਂ ਨੇ ਵੱਖ-ਵੱਖ ਰਾਗ ਰਾਗਨੀਆਂ ਦੇ ਚਿਤ੍ਰ ਬਣਾਏ ਹਨ ਅਤੇ ਅਜਿਹਾ ਕਰਨਾ ਬਗੈਰ ਸ਼ਾਸਤਰੀ ਜਾਣਕਾਰੀ ਦੇ ਸੰਭਵ ਨਹੀਂ। ਤਾਨਸੇਨ ਦਵਾਰਾ ਬੇਮੌਸਮਾ ਦੀਪਕ ਰਾਗ ਆ ਕੇ ਦਗਧ ਹੋਣਾ ਅਤੇ ਛੱਡ ਬੰਨੂਰ ਦੀ ਬੰਨੋ ਦੇਵੀ ਰਾਹੀਂ ਉਸਦਾ ਉਪਚਾਰ ਹੋਣਾ ਇੱਕ ਇਤਿਹਾਸਕ ਸਚਾਈ ਹੈ। ਬੰਨੂਰ ਵਿੱਚ ਬੰਨੋ ਦੇਵੀ ਦਾ ਮੰਦਿਰ ਇਸ ਪ੍ਰਸੰਗ ਦੀ ਸਾਖੀ ਭਰ ਰਿਹਾ ਹੈ। ਤਾਨਸੈਨ- ਬੈਜੂ ਬਾਵਰਾ ਪ੍ਰਤਿਯੋਗਤਾ ਵਿੱਚ ਰਾਗ ਨੂੰ ਮੂਰਤ ਰੂਪ ਕਰਕੇ ਬੈਜੂ ਵਲੋਂ ਹਿਰਨਾਂ ਨੂੰ ਬੁਲਾਉਣ ਦੀ ਦੰਤ ਕਥਾ ਵੀ ਚਲੀ ਆ ਰਹੀ ਹੈ। ਮਗਰੋਂ ਬੈਜੂ ਬਾਵਰੇ ਦੀ ਆਪਣੇ ਸ਼ਗਿਰਦ ਗੋਪਾਲ ਦਾਸ ਨਾਲ ਪ੍ਰਤੀਯੋਗਤਾ ਵਿੱਚ ਦੁਹਾਂ ਨੇ ਹਿਰਨਾਂ ਨੂੰ ਬੁਲਾ ਲਿਆ ਸੀ। ਬੈਜੂ ਨੇ ਇੱਕ ਹੋਰ ਰਾਗ ਦੇ ਗਾਇਨ ਨਾਲ ਨੀਲਮ ਪੱਥਰ ਪਿਘਲਾ ਕੇ ਉਪਰ ਵੀਣਾ ਟਿਕਾ ਕੇ ਜਮਾਇਤੀ ਸੀ ਤਾਂ ਗੁਪਾਲਦਾਸ ਨੇ ਹਾਰ ਮੰਨੀ। ਅਜਿਹੀ ਲੋਕ ਕਥਾਵਾਂ ਰਾਗ ਦੇ ਮੂਰਤ ਰੂਪ ਹੋ ਜਾਣ ਦੀ ਸਾਕਸ਼ੀ ਭਰਦੀਆਂ ਹਨ। ਬੀਨ ਦੀ ਆਵਾਜ ਨਾਲ ਸੱਪਾਂ ਦਾ ਆ ਜਾਣਾ ਕਈਆਂ ਦੇਖਿਆ ਸੁਣਿਆ ਹੈ ਜਦਕਿ ਹਕੀਕਤ ਵਿੱਚ ਸੱਪ ਦੇ ਕੰਨ ਨਹੀਂ ਹੁੰਦੇ ਅਤੇ ਉਹ ਜੀਭ ਨਾਲ ਹੀ ਸੁਣਦਾ ਹੈ।

ਗੁਰਸਿੱਖੀ ਵਿੱਚ ਕੀਰਤਨ ਦੀ ਉਪਮਾ ਤੇ ਰਾਗ ਦੀ ਲੋੜ ਕੇਵਲ ਆਤਮਾ ਦੇ ਪਰਮਾਤਮਾ ਨਾਲ ਮੇਲ ਲਈ ਕਿਆਸੀ ਹੀ ਨਹੀਂ ਗਈ ਬਲਕਿ ਕੀਰਤਨ ਸਥਾਨ ਨੂੰ ਸਚਖੰਡ ਦੀ ਉਪਮਾ ਦੇ ਦਿੱਤੀ ਗਈ ਹੈ-

*ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥* (ਪੰਨਾ 749)

*ਰਾਜਲੀਲਾ ਤੇਰੈ ਨਾਮਿ ਬਨਾਈ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ॥* (ਪੰਨਾ 358)

*ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ॥* (ਪੰਨਾ 893)

*ਐਸਾ ਕੀਰਤਨੁ ਕਰਿ ਮਨ ਮੇਰੇ। ਈਹਾ ਊਹਾ ਜੋ ਕਾਮਿ ਤੇਰੈ॥* (ਪੰਨਾ 296)

*ਰਾਜ ਮਾਲ ਜੰਜਾਲੁ ਕਾਜਿ ਨ ਕਿਤੈ ਮਨੋ॥*

*ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ॥* (ਪੰਨਾ 398)

ਕੀਰਤਨੀਏ ਲਈ ਸਨਕੇਸ਼ੀ ਸ਼ਨਾਨ ਦੀ ਮਰਯਾਦਾ ਤਾਂ ਜ਼ਰੂਰੀ ਹੈ ਅਤੇ ਪੁਰਾਤਨ ਗੁਰਸਿੱਖ ਚੇਤੇ ਰੱਖਦੇ ਸਨ-

*ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ॥*

*ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨਾ ਭਾਣੀ॥* (ਪੰਨਾ 150)

ਜਪੁ ਸਾਹਿਬ ਦੀ ਵੀਹਵੀ ਪਉੜੀ ਅਨੁਸਾਰ- *ਭਰੀਐ ਹਥੁ ਪੈਰੁ ਤਨੁਦੇਹ॥ ਪਾਣੀ ਧੋਤੈ ਉਤਰਸੁ ਖੇਹੁ॥* ਤੋਂ ਸਪਸ਼ਟ ਰੂਪ ਵਿੱਚ ਸ਼ਰੀਰ ਦੀ ਸਫਾਈ ਦਾ ਢੰਗ ਉਪਦੇਸ਼ ਦੱਸਿਆ ਹੈ। *ਮੂਤ ਪਲੀਤੀ ਕਪੜੁ ਹੋਇ।* ਦੇ *ਸਾਬੂਣ ਲਈਐ ਓਹੁ ਧੋਇ॥* ਇਨ੍ਹਾਂ ਤੁਕਾਂ ਅਨੁਸਾਰ ਪੇਸ਼ਾਬ ਕਰਕੇ ਸੁੜਾਗ ਦੀ ਜਲ ਨਾਲ ਸਫਾਈ ਤੇ ਮਗਰੋਂ ਪੰਜ-ਸ਼ਨਾਨੇ ਦੀ ਮਰਿਯਾਦਾ ਹੈ ਜਿਸ ਨੂੰ ਜਲਵਰਤਨਾ ਕਹਿੰਦੇ ਹਨ। ਜਲ ਵਰਤਨ ਤੋਂ ਬਗੈਰ ਪਲੀਤ ਹੋਏ ਬਸਤਰਾਂ ਤੇ ਸ਼ਰੀਰ ਨਾਲ ਕੀਰਤਨ ਜਾਂ ਗੁਰਬਾਣੀ ਪਾਠ ਦੀ ਉਪਮਾ ਕਿੰਨੀ ਸੁੰਗੜ ਜਾਏਗੀ ਇਸ ਦਾ ਧਿਆਨ ਇਸ ਲਈ ਵੀ ਜ਼ਰੂਰੀ ਹੈ- *ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥* ਗੁਰਬਾਣੀ ਦੀ ਗੁਰਮਤਿ ਤਨ ਸ਼ੁੱਧੀ ਕਰਕੇ ਮਨ ਸ਼ੁੱਧੀ ਦਾ ਰਾਹ ਦਸਦੀ ਹੈ ਅਤੇ ਸ਼ਬਦ ਗੁਰੂ ਨਾਲ ਜੋੜ ਦਾ ਇਹ ਸੁਖੈਨ ਮਾਰਗ ਹੈ।

## ਧਿਆਨ ਯੋਗ ਗੱਲਾਂ

- ★ 'ਅੰਮ੍ਰਿਤ ਕੀਰਤਨ' ਲਈ ਰਚਨਾਵਾਂ ਭੇਜਣ ਸਮੇਂ ਜਾਂ ਚਿੱਠੀ ਪੱਤਰ ਕਰਨ ਸਮੇਂ ਪੂਰੀਆਂ ਡਾਕ ਟਿਕਟਾਂ ਲਗਾ ਕੇ ਭੇਜੀਆਂ ਜਾਣ। ਬੈਰੰਗ ਚਿੱਠੀਆਂ ਪ੍ਰਾਪਤ ਨਹੀਂ ਕੀਤੀਆਂ ਜਾਣਗੀਆਂ। ਜਦੋਂ ਬੁੱਕ ਪੋਸਟ ਚਿੱਠੀਆਂ ਨੂੰ ਸਟੈਪਲਰ ਵਾਲੀ ਪਿੰਨ ਲਗਾ ਦਿੱਤੀ ਜਾਂਦੀ ਹੈ ਤਾਂ ਉਹ ਚਿੱਠੀ ਬੈਰੰਗ ਹੋ ਜਾਂਦੀ ਹੈ। ਕਿਰਪਾ ਕਰਕੇ ਡਾਕਖਾਨੇ ਤੋਂ ਪੁੱਛ ਕੇ ਪੂਰੀ ਟਿਕਟਾਂ ਲਗਾ ਕੇ ਚਿੱਠੀਆਂ ਭੇਜੀਆਂ ਜਾਣ।
- ★ ਆਪਣਾ ਪਤਾ ਬਦਲਣ ਤੇ 'ਅੰਮ੍ਰਿਤ ਕੀਰਤਨ ਟ੍ਰਸਟ' ਨੂੰ ਜ਼ਰੂਰ ਸੂਚਿਤ ਕਰੋ ਜੀ।
- ★ ਜੇ ਤੁਹਾਨੂੰ ਮੈਗਜ਼ੀਨ ਮਹੀਨੇ ਦੀ 10 ਤਾਰੀਖ ਤੱਕ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ ਅਸੀਂ ਦੁਬਾਰਾ ਭੇਜ ਦਿਆਂਗੇ।
- ★ ਜੇ ਤੁਸੀਂ ਅਜੇ ਤਕ 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ ਨਹੀਂ ਭੇਜੀ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ।

Phone : (O) 3312440
Resi. : 5721753

Sawhney Cloth House

46, Shanker Market, Connaught Circus, New Delhi - 110 001

# ਕਹਉ ਕਹਾ ਅਪਨੀ ਅਧਮਾਈ
# ਨਾਨਕ ਬਖਸੇ ਬਖਸੀਅਹਿ ਨਾਹਿ ਤਾ ਪਾਹੀ ਪਾਹਿ


## ਰਮੇਸ਼ ਸਿੰਘ

C-131, Sonari West, Jamshedpur 831 011 (Jharkhand)


*(26/10/2001 ਤੋਂ 10/11/2001 ਤੱਕ ਮਹਾਂਰਾਸ਼ਟਰ ਦੇ ਇੱਕ ਸ਼ਹਿਰ ਵਿੱਚ ਹੋਇ ਸਤਿਸੰਗ ਤੇ ਅਧਾਰਿਤ)*

ਈਸਾਈ ਧਰਮ ਦੇ ਪ੍ਰਚਾਰਕਾਂ, ਸੇਵਕਾਂ (Fathers, Brothers, Sisters, etc.) ਲਈ ਇਹ ਲਾਜ਼ਮੀ ਹੈ ਕਿ ਕੁਝ ਸਮੇਂ ਦੇ ਅੰਤਰਾਲ ਬਾਅਦ ਉਹ Retreat ਕਰਨ ਜਾਂਦੇ ਹਨ ਜੋ ਆਪਾ ਚੀਨਣ ਤੇ ਪ੍ਰਭੂ ਲਈ ਮਨ-ਅੰਦਰ ਹੋਰ ਹੋਰ ਸਮਰਪਣ ਤੇ ਪਿਆਰ ਦੀ ਭਾਵਨਾ ਪੈਦਾ ਕਰਨ ਦਾ ਇੱਕ ਉਪਰਾਲਾ ਹੁੰਦਾ ਹੈ। ਪ੍ਰਭੂ ਕਿਰਪਾ ਸਦਕਾ ਸਾਡੇ ਇੱਕ ਸੀਨੀਅਰ ਸਤਿਸੰਗੀ ਹਨ ਜਿਨ੍ਹਾਂ ਦੇ ਉਦਮ ਕਰਕੇ ਸਮੇਂ-ਸਮੇਂ ਤੇ ਕੁਝ ਸਤਿਸੰਗੀ ਕਿਸੇ ਥਾਂ ਇਕੱਤਰ ਹੋ ਕੇ 10-15 ਦਿਨ ਸਤਿਸੰਗ ਲਈ ਜੁੜਦੇ ਹਾਂ:

*...ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ* (ਪੰਨਾ 1378)

ਦੇ ਮਹਾਂਵਾਕ ਅਨੁਸਾਰ ਅੰਦਰਲੀ ਮੈਲ ਨੂੰ ਪਛਾਨਣ ਤੇ ਧੋਣ ਲਈ ਤਾਂ ਜੋ ਜੀਵਨ ਵਿੱਚ ਕੁਝ ਸਾਰਥਕਤਾ ਆ ਸਕੇ। ਇਸ ਗਰੁੱਪ ਵਿੱਚ ਮੈਂ ਸਭ ਤੋਂ ਵਧ ਨਾਲਾਇਕ ਤੇ ਸਭ ਤੋਂ ਛੋਟੀ ਜਮਾਤ ਦਾ ਸਿਖਿਆਰਥੀ ਹਾਂ, ਪਰ ਗੁਰੂ ਰੂਪ ਸਾਧਸੰਗਤ ਸਦ ਬਖਸ਼ੰਦ ਹੋਣ ਕਰਕੇ ਮੇਰੇ ਆਉਗਣ ਨਹੀਂ ਚਿਤਾਰਦੀ ਤੇ ਮੈਨੂੰ ਸਤਿਸੰਗ ਵਿੱਚ ਸ਼ਾਮਿਲ ਹੋਣ ਦੀ ਇਜਾਜਤ ਦੇ ਦੇਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਕਿ ਇਸ ਗਰੁੱਪ ਵਿੱਚ ਹਿੰਦੂ, ਸਿੱਖ, ਮਰਾਠੀ, ਪੰਜਾਬੀ, ਮਦਰਾਸੀ, ਸਿੰਧੀ ਕੋਈ ਬੜੀ ਵੱਡੀ ਪੁਜੀਸ਼ਨ ਵਾਲੇ ਤੇ ਕੋਈ ਅਤਿ ਗਰੀਬ, ਕਈ ਤਰ੍ਹਾਂ ਦੇ ਪਿਛੋਕੜ ਵਾਲੇ ਲੋਕ ਜੋ ਗੁਰਬਾਣੀ ਦੀ ਸਰਬਸਾਂਝੀ ਸਿੱਖਿਆ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥* (ਪੰਨਾ 1349)

ਤੇ ਗੁਰੂ ਗੋਬਿੰਦ ਸਿੰਘ ਜੀ ਦੇ "*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ*" ਦੇ ਅਸੂਲ ਨੂੰ ਜੀਵਨ ਵਿੱਚ ਅਮਲੀ ਜਾਮਾ ਪਹਿਨਾਣ ਦੇ ਚਾਹਵਾਨ ਸਨ। ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਉਸ ਵੇਲੇ ਚਮਕ ਕੇ ਪ੍ਰਗਟ ਹੋਈ ਜਦੋਂ ਬੜੀ ਹੀ ਸ਼ਰਧਾਵਾਨ ਤੇ ਪਿਆਰ ਦੀ ਮੂਰਤ ਇੱਕ ਇਸਾਈ ਮਿਸਟਰ Dr. Licy (ਜੋ ਇੱਕ ਮਹਾਨ ਡਾਕਟਰ ਹੋਣ ਦੇ ਨਾਲ-ਨਾਲ ਪ੍ਰਭੂ ਨੂੰ ਸਮਰਪਿਤ ਜੀਵਨ ਦੀ ਵੀ ਧਾਰਣੀ ਹੈ।) ਅਪਣੀ ਇੱਕ ਜਰਮਨ ਮਿੱਤਰ Dr. Christina ਨੂੰ ਲੈ ਕੇ ਸਾਡੇ ਬਜੁਰਗ ਸੀਨੀਅਰ ਸਤਿਸੰਗੀ ਨੂੰ ਮਿਲਣ ਆਈ ਤੇ ਸਤਿਸੰਗੀਆਂ ਦੀ ਰਹਿਣੀ-ਬਹਿਣੀ ਵੇਖ ਕੇ ਕਹਿਣ ਲੱਗੀ ਤੁਸੀਂ ਤਾਂ early Christians ਦੇ Living together groups ਦਾ ਨਮੂਨਾ ਜਾਪਦੇ ਹੋ। ਇਸ ਪ੍ਰਵਾਸ ਦੌਰਾਨ ਸਾਨੂੰ ਇੱਕ ਗੁਜਰਾਤੀ ਪ੍ਰੋਫੈਸਰ ਤੇ ਇੱਕ ਮਾਰਵਾੜੀ advocate ਦੇ ਘਰਾਂ ਵਿੱਚ ਬੁਲਾਇਆ ਗਿਆ ਜਿੱਥੇ ਸਾਰਿਆਂ ਰਲ ਕੇ ਧੁਰ ਕੀ ਬਾਣੀ:

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ*" (ਪੰਨਾ 988)

ਦੇ ਪ੍ਰਭਾਵ ਹੇਠ, ਗੁਰ ਕਿਰਪਾ ਸਦਕਾ:

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ... ਕਹੁ ਨਾਨਕ ਜਿਨਿ ਹੁਕਮੁ ਪਛਾਤਾ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ* (ਪੰਨਾ 885)

ਦੀ ਪ੍ਰਤੱਖ ਸਚਾਈ ਅਨੁਭਵ ਕੀਤੀ। ਪ੍ਰਭੂ ਦੀ ਬੇਅੰਤ ਰਹਿਮਤ ਸਦਕਾ ਸਾਨੂੰ ਰੋਜ਼ ਕੁਸ਼ਟ ਰੋਗ ਦੇ ਮਰੀਜ਼ਾਂ (leprosy patients) ਨਾਲ ਵੀ ਜੋ ਸਾਰੇ ਮਰਾਠੀ, ਹਿੰਦੂ-ਮੁਸਲਮਾਨ ਸਨ ਤੇ ਜਿਨ੍ਹਾਂ ਵਿੱਚੋਂ ਇੱਕ ਵੀ ਸਿੱਖ ਜਾਂ ਪੰਜਾਬੀ ਨਹੀਂ ਸੀ। ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਤੇ ਅਸੀਂ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥* (ਪੰਨਾ 15)

ਦੇ ਮਹਾਵਾਕਾਂ ਅਨੁਸਾਰ ਉਨ੍ਹਾਂ ਨਾਲ ਸੰਗਤ ਰਾਹੀਂ ਪ੍ਰਭੂ ਦੀ ਹਜ਼ੂਰੀ ਦਾ ਰਸ ਮਾਣਦੇ। ਅਸਾਂ ਇਹ ਵੀ ਪ੍ਰਤੱਖ ਵੇਖਿਆ ਕਿ ਕਿਵੇਂ 'ਸਿੱਖ' ਬਨਣ ਦੇ ਚਾਹਵਾਨ ਗੁਰੂ ਦੇ ਇੱਕ ਸਿੱਖ ਨੂੰ ਸਾਰੀ ਲੁਕਾਈ ਦਿਲੋਜਾਨ ਨਾਲ ਪਿਆਰ ਕਰਦੀ ਹੈ, ਗਰੀਬਾਂ-ਦੁਖੀਆਂ ਦਾ ਦਰਦ ਵੰਡਾਂਦਾ ਹੈ, ਉਨ੍ਹਾਂ ਦੇ ਅਥਰੂ ਪੂੰਝਣ ਖਾਤਿਰ ਉਸ ਆਪਣਾ ਸੁਖ-ਆਰਾਮ ਕੁਰਬਾਨ ਕਰ ਦਿੱਤਾ ਹੈ ਤੇ ਉਨ੍ਹਾਂ ਦਾ ਭਾਈਵਾਲ ਬਣ ਗਿਆ ਹੈ, ਉਨ੍ਹਾਂ ਨੂੰ ਉਹ ਆਪਣੇ ਮਾਤਾ-ਪਿਤਾ, ਭੈਣਾਂ-ਭਰਾ ਤੇ ਬੱਚੇ ਸਮਝਦਾ ਹੈ ਤੇ ਉਨ੍ਹਾਂ ਦਾ ਦੁਖ-ਦਰਦ ਉਸਦਾ ਆਪਣਾ ਦੁਖ ਦਰਦ ਬਣ ਗਿਆ ਹੈ। ਉਹ ਲੋਕ ਵੀ ਉਸਨੂੰ ਰਜ-ਰਜ ਕੇ ਪਿਆਰ ਕਰਦੇ ਹਨ ਤੇ ਇਸ ਤਰ੍ਹਾਂ ਉੱਥੇ ਪਿਆਰ ਦੀ ਗੰਗਾ ਵਗ ਤੁਰੀ ਹੈ ਜਿਸ ਵਿੱਚ ਅਸਾਂ ਵੀ ਰਜ-ਰਜ ਕੇ ਇਸ਼ਨਾਨ ਕੀਤਾ ਤੇ ਇਹ ਸੁਭਾਗ ਅਉਸਰ ਬਖਸ਼ਣ ਲਈ ਸਤਿਗੁਰਾਂ ਦਾ ਧੰਨਵਾਦ ਕੀਤਾ।

ਪ੍ਰੇਮ ਦੀ ਇਸ ਗੰਗਾ ਵਿੱਚ ਚੁੱਭੀ ਮਾਰਣ ਤੋਂ ਬਾਅਦ ਮੈਂ ਸੋਚ ਰਿਹਾ ਸਾਂ ਕਿ ਮੇਰੇ ਅੰਦਰ ਇਹ ਪ੍ਰੇਮ ਗੰਗਾ ਕਿਉਂ ਨਹੀਂ ਵਗਦੀ, ਮੈਂ ਵੀ ਬਾਣੀ ਪੜ੍ਹਦਾ ਹਾਂ, ਵਿਚਾਰਦਾ ਹਾਂ, ਮੈਂ ਵੀ ਅੰਮ੍ਰਿਤ ਛਕਿਆ ਹੈ, ਮੈਂ ਵੀ ਅੰਮ੍ਰਿਤ ਵੇਲਾ ਕਰਦਾ ਹਾਂ, ਗੜਬੜ ਕਿੱਥੇ ਹੋ ਰਹੀ ਹੈ। ਸਤਿਸੰਗ ਦੌਰਾਨ ਹੀ ਬਾਣੀ ਕੀਰਤਨ-ਵਿਚਾਰ ਬੈਠਕਾਂ ਅੰਦਰ ਗੱਲ ਸਮਝ ਆ ਗਈ ਕਿ ਇਸ ਦਾ ਮੂਲ ਕਾਰਣ ਮੇਰੀ 'ਮੈਂ' ਹੈ, 'ਹਉਮੈ' ਹੈ, ਮੇਰਾ ਮੋਹ-ਮਾਇਆ ਨਾਲ ਪਿਆਰ ਹੈ, ਮੇਰਾ self love ਹੈ, ਮੇਰੀ ਆਕੜ ਹੈ, ਮੇਰੀ ਹਉਂ ਬੁੱਧੀ ਦੀ ਅਗਿਆਨਤਾ ਹੈ, ਮੈਂ ਉਹ ਖੋਤਾ ਹਾਂ ਜੋ ਬਗੈਰ ਕਿਸੇ ਗੁਣ ਦੇ ਗਰਬ ਕਰਦਾ ਹਾਂ। ਮੇਰੀ ਕੋਈ ਹੋਂਦ ਨਹੀਂ ਫਿਰ ਵੀ ਆਪਣਾ ਆਪ ਜਤਾਂਦਾ ਹਾਂ, ਦੂਜਿਆਂ ਨੂੰ ਭੈੜਾ ਤੇ ਖੁਦ ਨੂੰ ਚੰਗਾ ਸਮਝਦਾ ਹਾਂ, ਪਤਾ ਹੈ ਇੱਥੇ ਰਹਿਣਾ ਨਹੀਂ ਮਰ ਜਾਣਾ ਹੈ ਫਿਰ ਵੀ ਆਕੜ ਕਰਦਾ ਹਾਂ, ਬਾਣੀ ਪੜ-ਸੁਣ-ਸਮਝ ਕੇ ਵੀ ਸਾਰਿਆਂ ਦੀ ਚਰਣ ਧੂੜਿ ਬਨਣ ਦੀ ਥਾਂ ਖੁਦ ਨੂੰ ਉਨ੍ਹਾਂ ਤੋਂ superior ਸਮਝਦਾ ਹਾਂ ਜਿਨ੍ਹਾਂ ਅੰਮ੍ਰਿਤ ਨਹੀਂ ਛਕਿਆ, ਜੋ ਅੰਮ੍ਰਿਤ ਵੇਲਾ ਨਹੀਂ ਕਰਦੇ, ਜੋ ਦਸਵੰਧ ਨਹੀਂ ਕੱਢਦੇ। ਭੁੱਲ ਜਾਂਦਾ ਹਾਂ ਗੁਰੂ ਦਾ ਉਪਦੇਸ਼:

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥*
*ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲ ਖੋਹੁ॥* (ਪੰਨਾ 441)

ਅਮਲ ਨਹੀਂ ਕਰਦਾ ਭਾਵੇਂ ਮੂੰਹੋਂ ਪੜ੍ਹਦਾ ਤੇ ਲੋਕਾਂ ਨੂੰ ਸੁਣਾਂਦਾ ਹਾਂ:

*ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ* (ਪੰਨਾ 991)

ਪੂਰੀ ਤਰ੍ਹਾਂ ਕਨਕ-ਕਾਮਨੀ ਵਿੱਚ ਫਸਿਆ ਹੋਣ ਕਰਕੇ ਮਨ ਦੀਆਂ ਗਹਿਰਾਈਆਂ ਚੋਂ ਕਦੇ ਪ੍ਰਭੂ ਦਾ ਗੀਤ ਨਹੀਂ ਨਿਕਲਿਆ, ਉਲਟਾ ਮਨ ਤੇ ਮਾਇਆ ਦੀ ਮੈਲ ਦੀ ਪਰਤ ਮੋਟੀ, ਹੋਰ ਮੋਟੀ ਤੇ ਭਾਰੀ ਹੁੰਦੀ ਜਾ ਰਹੀ ਹੈ। ਹੋਰ ਦੁਖਾਂਤ ਇਹ ਹੈ ਕਿ ਆਪਣੇ ਆਪ ਨੂੰ ਧੋਖਾ ਦੇਂਦਾ ਰਿਹਾ, ਲੋਕਾਂ ਨੂੰ ਸੁਣਾਂਦਾ ਰਿਹਾ ਪਰ ਆਪਣਾ ਜੀਵਨ ਬਦਲਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਪੰਜਾਂ ਚੋਰਾਂ ਨੂੰ ਐਸਾ ਪਕੜਿਆ, ਐਸਾ ਜਕੜਿਆ, ਐਸਾ ਕੁਟਿਆ ਕਿ ਮੇਰੀ ਨੀਂਦ ਹਰਾਮ ਹੋ ਗਈ। ਮਨ ਵਿੱਚ ਅਸ਼ਾਂਤੀ ਹੈ, ਮਨ ਵਿੱਚ ਸ਼ਿਕਾਇਤ ਹੈ, ਮਨ ਵਿੱਚ ਸਾੜਾ ਹੈ, ਮਨ ਵਿੱਚ ਕਲੇਸ਼ ਹੈ, ਮਨ ਵਿੱਚ ਪ੍ਰੇਸ਼ਾਨੀ ਹੈ, ਮਨ ਵਿੱਚ ਦੁਬਿਧਾ ਹੈ, ਮਨ ਵਿੱਚ ਟੇਂਸ਼ਨ ਹੈ, ਸੋਗ ਹੈ, ਲੋਭ ਹੈ, ਕਾਮ ਹੈ, ਕ੍ਰੋਧ ਹੈ ਭਾਵੇਂ ਮੂੰਹੋਂ ਵਾਹਿਗੁਰੂ ਵਾਹਿਗੁਰੂ ਕਰਨ ਦਾ ਵਿਖਾਵਾ ਕਰਦਾ ਰਹਿੰਦਾ ਹਾਂ। ਮੇਰੀ ਅੰਦਰਲੀ ਹਾਲਤ ਦੀ ਤਸਵੀਰ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਪੇਸ਼ ਕੀਤੀ ਹੈ:

*ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*

ਅਤੇ ਨਾਲ ਹੀ ਮੇਰੇ ਲਈ ਅਰਦਾਸ ਵੀ ਕੀਤੀ ਹੈ:

*ਨਾਨਕ ਰਖਿ ਲੇਹੁ ਆਪਨ ਕਰਿ ਕਰਮ॥* (ਪੰਨਾ 267)

ਮੈਂ ਵੇਖਿਆ ਤੇ ਨੋਟ ਕੀਤਾ ਕਿ ਮੇਰੀ 'ਮੈਂ' ਕਿਵੇਂ ਛੋਟੀ ਛੋਟੀ ਗੱਲ ਤੇ ਦੁਖੀ ਹੁੰਦੀ ਹੈ। ਹਰ ਵੇਲੇ ਮੇਰਾ self love ਇਹ ਚਾਹੁੰਦਾ ਹੈ ਕਿ ਮੇਰੀ ਹੀ ਗੱਲ ਚਲੇ, ਮੇਰੀ ਹੀ ਗੱਲ ਸੁਣੀ ਜਾਏ, ਮੈਂ ਹੀ ਠੀਕ ਹਾਂ, ਮੈਨੂੰ ਸਾਰੇ ਸਮਝਣ, ਮੈਨੂੰ ਹੀ ਸਾਰੇ ਪਿਆਰ ਕਰਨ, ਮੈਨੂੰ ਹੀ ਸਾਰੇ ਦਿਲਾਸਾ ਦੇਣ, ਮੇਰਾ ਹੀ ਮਾਣ-ਸਤਿਕਾਰ ਹੋਵੇ, ਮੇਰਾ ਪਰਿਵਾਰ ਹੀ ਸੁਖੀ ਰਹਵੇ, ਮੈਂ ਹੀ ਸੁਖੀ ਰਹਵਾਂ, ਮੈਨੂੰ ਹੀ ਸਭ ਕੁਛ ਪ੍ਰਾਪਤ ਹੋਵੇ, ...ਬਸ ਮੈਂ, ਮੈਂ, ਮੈਂ, ਇਹ 'ਮੈਂ' ਮੇਰੇ ਮਨ ਤੇ ਇਸ ਤਰ੍ਹਾਂ ਛਾ ਗਈ ਕਿ ਮੈਂ ਮਾਇਆ ਦੀ ਨੀਂਦ ਵਿੱਚ ਬੇਹੋਸ਼ ਹੋ ਗਿਆ।

*ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ॥* (ਪੰਨਾ 571)

ਇਸੇ ਬੇਹੋਸ਼ੀ ਵਿੱਚ ਸਾਰੀ ਉਮਰ ਪਾਰ ਹੋ ਗਈ ਤੇ ਮੈਂ ਲਾਸ਼ ਬਣ ਕੇ ਜੀਵਨ ਬਿਤਾਂਦਾ ਰਿਹਾ। ਹੋਰ ਅਫਸੋਸ ਕਿ ਸਮਝਦਾ ਇਹ ਰਿਹਾ ਕਿ ਪ੍ਰਭੂ ਦੀ ਮੇਰੇ ਤੇ ਬੜੀ ਕਿਰਪਾ ਹੈ, ਮੇਰੇ ਕੋਲ ਪੈਸਾ ਹੈ, ਮਕਾਨ ਹੈ, ਸ਼ੁਹਰਤ ਹੈ, ਮੋਟਰ ਹੈ, ਬੱਚੇ ਹਨ, ਲੋਕ ਸਲਾਮਾਂ ਕਰਦੇ ਹਨ, ਧਾਰਮਕ ਵੀ ਅਖਵਾਂਦਾ ਹਾਂ, ਇਹੋ ਤਾਂ ਜ਼ਿੰਦਗੀ ਹੈ, what more is required? ਪਰ ਜਦੋਂ ਮਾਇਆ ਖੂਹ ਦੇ ਡੱਡੂ ਨੇ ਸਤਿਸੰਗ ਵਿੱਚ ਜਾਗ ਖੁਲਣ ਤੇ ਪ੍ਰੇਮ ਗੰਗਾ ਦਾ ਨਿਰਮਲ ਪ੍ਰਵਾਹ ਵੇਖਿਆ ਤਾਂ ਉਸ ਦੇ ਮਨ ਵਿੱਚ ਵੀ ਚਾਹਤ ਪੈਦਾ ਹੋਈ:

*ਸਾਧ ਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ॥* (ਪੰਨਾ 386)

ਜੋਦੜੀ ਕੀਤੀ ਸਤਿਗੁਰਾਂ ਅੱਗੇ, ਮਹਾਰਾਜ ਮੇਰੇ ਗਰੀਬ ਤੇ ਵੀ ਕਿਰਪਾ ਕਰੋ, ਮੈਨੂੰ ਵੀ ਇਸ ਆਤਮਕ ਰਸ ਦਾ ਸੁਆਦ ਚਖਾਉ। ਸਦ ਬਖਸ਼ਿੰਦ, ਸਦ ਮਿਹਰਵਾਨ, ਅਕਿਰਤਘਣਾਂ ਨੂੰ ਪਾਲਣ ਵਾਲੇ ਸਤਿਗੁਰੂ ਨੇ ਦੇਰ ਨਹੀਂ ਲਾਈ, ਤਰੀਕਾ ਦਸ ਦਿੱਤਾ। ਕਹਿਣ ਲੱਗੇ ਭਾਈ, ਜੇ ਤੂੰ ਵਾਕਈ ਖਵਾਹਿਸ਼ਮੰਦ ਹੈ ਕਿ ਤੇਰੇ ਅੰਦਰ ਪ੍ਰੇਮ ਦੀ ਗੰਗਾ ਵਗ ਤੁਰੇ ਤਾਂ ਤੈਨੂੰ ਤਿੰਨ ਗੱਲਾਂ ਤੇ ਅਮਲ ਕਰਨਾ ਪਵੇਗਾ, ਸਿਰਫ ਪੜਨ-ਸੁਨਣ ਨਾਲ ਗੱਲ ਨਹੀਂ ਜੇ ਬਨਣੀ; ਇਹ ਸ਼ਬਦ ਸੁਣ, ਵਿਚਾਰ ਤੇ ਅਮਲ ਵਿੱਚ ਲਿਆ:

*ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥* (ਪੰਨਾ 370)

**ਪਹਿਲੀ ਗੱਲ** "*ਪ੍ਰਥਮੇ ਤਿਆਗੀ ਹਉਮੈ ਪ੍ਰੀਤਿ*"

('ਮੈਂ' ਨਾਲ ਦੋਸਤੀ ਤੋੜਨੀ ਪਵੇਗੀ, ਸਭ ਦੀ ਚਰਣ ਧੂੜ ਬਨਣਾ ਪਵੇਗਾ, ਹਰ ਵੇਲੇ ਆਪਣੇ ਗੁਨਾਹਾਂ ਦੀ ਸ਼ਰਮ ਹੇਠ ਰਹਿੰਦਿਆਂ ਗੁਰੂ ਦੀ ਗੁਲਾਮੀ ਕਰਨੀ ਪਵੇਗੀ। ਜੀਵਤਿਆਂ ਮਰ ਕੇ ਰਹਿਣਾ ਪਵੇਗਾ, ਬੁਰੇ ਦਾ ਵੀ ਭਲਾ ਕਰਨਾ ਪਵੇਗਾ, ਗੁੱਸਾ, ਈਰਖਾ, ਸਾੜਾ, ਨਿੰਦਾ, ਚੁਗਲੀ, ਬਖੀਲੀ, ਵੈਰ-ਵਿਰੋਧ... ਨੂੰ ਤਿਆਗਣਾ ਪਵੇਗਾ। ਅਪਣੀ ਮਤਿ ਨੂੰ ਛਡ ਗੁਰੂ ਦੀ ਮਤਿ ਨੂੰ ਅਪਨਾਣਾ ਪਵੇਗਾ।)

**ਦੂਸਰੀ ਗੱਲ** "*ਦੁਤੀਆ ਤਿਆਗੀ ਲੋਗਾ ਰੀਤਿ*"

(ਭਾਵੇਂ ਸਾਰੀ ਦੁਨੀਆ ਕਿਸੇ ਦੁਨਿਆਵੀ ਰੀਤ ਵਿੱਚ ਫਸੀ ਹੋਵੇ, ਜੇ ਉਹ ਪ੍ਰਭੂ ਤੋਂ ਵਿਛੋੜਦੀ ਹੈ ਅਰਥਾਤ ਗੁਰਮਤਿ ਵਿਰੁੱਧ ਹੈ ਤਾਂ ਉਸਨੂੰ ਛੱਡਣਾ ਪਵੇਗਾ ਭਾਵੇਂ ਇਸ ਕਾਰਣ ਸਾਰੀ ਦੁਨੀਆ ਨਾਰਾਜ਼ ਹੋ ਜਾਵੇ:

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥* (ਪੰਨਾ 590)

ਪ੍ਰਭੂ ਨੂੰ ਲੋਕਾਂ ਤੋਂ ਉਪਰ ਜਾਨਣਾ ਤੇ ਰੱਖਣਾ ਪਵੇਗਾ, ਜਦੋਂ ਵੀ conflict (ਟਕਰਾਅ) ਹੋਵੇ, ਚੁਨਣਾ ਪਵੇ ਤਾਂ ਪ੍ਰਭੂ ਨੂੰ ਚੁਣਾ; ਲੋਕਾਂ, ਲੋਕਲਾਜ ਤੇ ਲੋਕ ਕੀ ਕਹਿਣਗੇ ਦੇ ਡਰ ਕਾਰਣ ਗੁਰੂ ਦੀ ਸਿਖਿਆ ਤੋਂ ਉਲਟ ਕੋਈ ਕੰਮ ਨਾ ਕਰਾਂ)

**ਤੀਸਰੀ ਗੱਲ** "*ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ*"

(ਰਜੋ, ਤਮੋ, ਸਤੋ, ਗੁਣਾਂ ਵਾਲੇ ਜੀਵਨ ਤੋਂ ਉੱਪਰ ਉਠ ਤੁਰਿਆ ਗੁਣ (ਅਰਥਾਤ ਸਹਿਜ ਅਵਸਥਾ) ਵਾਲੀ ਜੀਵਨ ਜਾਚ ਅਪਨਾਣੀ ਪਵੇਗੀ ਜਿਸਨੂੰ ਨਾਮ ਦੀ ਜੀਵਨ ਜਾਚ ਆਖਦੇ ਹਾਂ, ਜਿਸ ਵਿੱਚ ਸਾਰੇ ਆਪਣੇ ਲਗਣ, ਕੋਈ ਬੇਗਾਨਾ, ਪਰਾਇਆ ਨਾ ਲਗੇ, ਧਰਮ, ਮਜਹਬ, ਜਾਤ-ਪਾਤ, ਦੇਸ਼, ਨਸਲ, ਵਰਨ, ਚਿਨ੍ਹ, ਕਿਸੇ ਵੀ ਤਰ੍ਹਾਂ ਦਾ ਵਿਤਕਰਾ ਜੀਵਨ ਵਿੱਚ ਨਾ ਹੋਵੇ, ਬਸ ਹਰ ਵੇਲੇ ਇਹੀ ਜਾਪੇ ਤੇ ਅਨੁਭਵ ਹੋਵੇ:

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥* (ਪੰਨਾ 671)

*ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥* (ਪੰਨਾ 655)

ਇੱਕ ਉਪਰਾਲਾ ਗੁਰੂ ਸਾਹਿਬ ਨੇ ਬਾਣੀ ਰਾਹੀਂ ਖੋਲ ਕੇ ਸਮਝਾਇਆ:

*ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ॥* (ਪੰਨਾ 571)

ਇਸ ਸੰਬੰਧ ਵਿੱਚ ਇੱਕ ਹੋਰ ਮਹਤਵਪੂਰਨ ਪਖ, ਜੋ ਇਸ ਪ੍ਰੇਮ ਰਸ ਨੂੰ ਪਾਉਣ ਲਈ ਜ਼ਰੂਰੀ ਹੈ, ਉਭਰ ਕੇ ਸਾਹਮਣੇ ਆਇਆ, ਉਹ ਇਹ ਸੀ ਕਿ ਆਪਣੇ ਦੈਨਿਕ ਜੀਵਨ ਅੰਦਰ ਗੁਰੂ ਦੁਆਰਾ ਦੱਸੇ ਸੰਜਮ/ਪਰਹੇਜ਼ ਨੂੰ ਧਾਰਣ ਕਰਨਾ ਅਤਿ ਜ਼ਰੂਰੀ ਹੈ। ਕੁਝ ਨੁਕਤੇ ਜੋ ਸਤਿਸੰਗ ਦੌਰਾਨ ਸਪਸ਼ਟ ਹੋਏ, ਉਹ ਹਨ:

i) ਹਰ ਵਕਤ ਆਪਣੇ ਗੁਨਾਹਾਂ ਤੇ ਨਜ਼ਰ ਰੱਖਣੀ ਪਵੇਗੀ।
ii) ਦੂਜਿਆਂ ਦੇ ਨੁਕਸ ਵੇਖਣ ਤੋਂ ਪਰਹੇਜ਼ ਕਰਨਾ ਪਵੇਗਾ।
iii) ਹਰ ਕੋਈ ਉਸਦੇ ਭਾਣੇ ਤੇ ਹੁਕਮ ਅੰਦਰ ਵਿਚਰ ਰਿਹਾ ਹੈ ਸੁ ਮੈਂ ਕਿਸੇ ਨੂੰ ਭੈੜਾ-ਚੰਗਾ ਨਹੀਂ ਆਖ ਸਕਦਾ।
iv) ਆਪਣੇ ਆਪ ਨੂੰ ਸਭ ਤੋਂ ਭੈੜਾ ਜਾਨਣਾ ਤੇ ਪਛਾਨਣਾ ਪਵੇਗਾ ਕਿਉਂਕਿ ਇਹੋ ਅਸਲੀਅਤ ਹੈ।
v) ਹਰ ਹਾਲ ਵਿੱਚ ਨਿਮਰਤਾ, ਖਿਮਾ ਤੇ ਮਿੱਠਾ ਬੋਲਣਾ ਵਰਗੇ ਗੁਣ ਧਾਰਣ ਕਰਨੇ ਪੈਣਗੇ।
vi) ਬੁਰੇ ਦਾ ਵੀ ਭਲਾ ਕਰਨਾ ਪਵੇਗਾ।
vii) ਹਰ ਵੇਲੇ ਮਨ ਦੀਆਂ ਹਰਕਤਾਂ ਤੇ ਕਰੜੀ ਨਜ਼ਰ ਰੱਖਣੀ ਪਵੇਗੀ ਤਾਂ ਜੋ ਗੁਰੂ ਦੇ ਹੁਕਮਾਂ ਦੇ ਉਲਟ ਕੋਈ ਕੰਮ ਨਾ ਹੋ ਜਾਏ।
viii) ਹਰ ਵੇਲੇ ਗੁਰੂ ਚਰਣਾਂ ਵਿੱਚ ਢਠੇ ਰਹਿਣਾ ਪਵੇਗਾ।
ix) ਸੁਖ ਆਵੇ, ਦੁਖ ਆਵੇ ਹਰ ਹਾਲ ਵਿੱਚ ਪ੍ਰਭੂ ਦਾ ਸ਼ੁਕਰਾਨਾ ਕਰਨਾ ਹੈ, ਉਸਦੀ ਰਜ਼ਾ ਨੂੰ ਖਿੜੇ ਮੱਥੇ ਮੰਨਣਾ ਹੈ।
x) ਉਹ ਕੰਮ ਤੇ ਆਦਤਾਂ ਛੱਡਣੀਆਂ ਹਨ ਜਿਨ੍ਹਾਂ ਵਿੱਚ ਕੋਈ ਗੁਣ ਨਹੀਂ।

ਇਨ੍ਹਾਂ ਤੇ ਅਮਲ ਨਾਲ ਹੀ, ਨਾਮ ਦੀ ਜੋ ਜੀਵਨ ਜਾਚ ਗੁਰੂ ਸਾਹਿਬ ਨੇ ਗੁਰਬਾਣੀ ਰਾਹੀਂ ਸਮਝਾਈ ਹੈ ਉਹ ਮੇਰਾ ਜੀਵਨ ਬਣ ਸਕਦੀ ਹੈ। ਗੁਰੂ ਅਰਜਨ ਦੇਵ ਜੀ ਇਸ ਜੀਵਨ ਜਾਚ ਦਾ ਜਿਕਰ ਕਰਦੇ ਹਨ ਇਸ ਸ਼ਬਦ ਅੰਦਰ:

*ਜੀਵਨਾ ਹਰਿ ਜੀਵਨਾ॥ ਜੀਵਨੁ ਹਰਿ ਜਪਿ ਸਾਧਸੰਗਿ॥* (ਪੰਨਾ 684)

ਸਤਿਸੰਗ ਵਿੱਚ ਇਸ ਸ਼ਬਦ ਦਾ ਖੁਲਾਸਾ ਕੀਤਾ ਗਿਆ ਕਿ ਸਾਧਸੰਗਤ ਵਿੱਚ ਹਰੀ ਨਾਮ ਧਿਆਉਣ ਨਾਲ ਅਸਲ ਜਿੰਦਗੀ ਬਣਦੀ ਹੈ ਤੇ ਇਸ ਵਿੱਚ ਹੀ ਹਰ ਤਰ੍ਹਾਂ ਦੇ ਖਾਣੇ ਦੇ ਸੁਖ:

*ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥ ਮਨਿ ਤਨਿ ਰਸਨਾ ਨਾਮੁ ਧਿਆਇਆ॥*

ਕਪੜੇ ਦੇ ਸੁਖ:

*ਅਨਿਕ ਪ੍ਰਕਾਰੀ ਬਸਤ੍ਰ ਓਢਾਏ॥ ਅਨਦਿਨੁ ਕੀਰਤਨੁ ਹਰਿ ਗੁਨ ਗਾਏ॥*

ਤੇ ਸਵਾਰੀ ਆਦਿ ਦੇ ਸੁਖਾਂ:

*ਹਸਤੀ ਰਥ ਅਸੁ ਅਸਵਾਰੀ॥ ਹਰਿ ਕਾ ਮਾਰਗੁ ਰਿਦੈ ਨਿਹਾਰੀ॥*

ਦਾ ਅਨੰਦ ਪ੍ਰਾਪਤ ਹੋ ਜਾਂਦਾ ਹੈ ਤੇ ਦੁਨੀਆਵੀ ਪਦਾਰਥ ਸੁਖਾਂ ਦੀ ਲੋੜ ਪਿੱਛੇ ਭਜਣ ਦੀ ਚਾਹਤ ਹੀ ਮੁਕ ਜਾਂਦੀ ਹੈ।

ਭਗਤ ਰਵਿਦਾਸ ਜੀ ਨੇ ਨਾਮ ਦੀ ਜੀਵਨ ਜਾਚ ਦਾ ਖੁਲਾਸਾ ਕਰਦਿਆਂ ਉਸਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

*ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ...॥* (ਪੰਨਾ 694)

ਭਗਤ ਜੀ ਸਮਝਾਉਂਦੇ ਹਨ ਕਿ ਸਾਧ ਸੰਗਤ ਵਿੱਚ ਹੀ ਇਨਸਾਨ ਦਾ ਸੁੱਤਾ ਹੋਇਆ ਮਨ ਜਾਗਦਾ ਹੈ ਤੇ ਉਸਨੂੰ ਪ੍ਰਭੂ ਪਿਆਰੇ ਲਗਣ ਲਗ ਪੈਂਦੇ ਹਨ (ਜਦੋਂ ਉਹ ਗੁਰੂ ਰਾਹੀਂ ਪ੍ਰਭੂ ਦੀ ਵਡਿਆਈ ਸੁਣਦਾ ਤੇ ਵਿਚਾਰਦਾ ਹੈ), ਫਿਰ ਉਹ ਇਸ ਤਰ੍ਹਾਂ ਭਗਤੀ ਵਿੱਚ ਜੁੜਦਾ ਹੈ ਕਿ ਉਸਦੇ ਮਨ-ਚਿਤ ਅੰਦਰ ਨਿਰੰਤਰ ਪ੍ਰਭੂ ਦੀ ਮਿੱਠੀ, ਨਿੱਘੀ ਯਾਦ ਰਹਿੰਦੀ ਹੈ, ਅੱਖਾਂ ਵੀ ਲਗਾਤਾਰ ਪ੍ਰਭੂ ਦੀ ਰਚਨਾ ਅੰਦਰੋਂ ਪ੍ਰਭੂ ਨੂੰ ਨਿਹਾਰਦੀਆਂ ਹਨ, ਕੰਨਾਂ ਰਾਹੀਂ ਉਹ ਹਰ

ਵੇਲੇ ਪ੍ਰਭੂ ਦੀ ਕੀਰਤੀ ਸੁਣਦਾ ਹੈ, ਰਸਨਾ ਨਾਲ ਪ੍ਰਭੂ ਦਾ ਨਾਮ ਜਪਦਾ ਹੈ ਤੇ ਉਸਦਾ ਮਨ ਪ੍ਰਭੂ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਉਨ੍ਹਾਂ ਦਾ ਭੌਰਾ ਬਣਿਆ ਰਹਿੰਦਾ ਹੈ ਤੇ ਉਸਦੀ ਸੁਗੰਧੀ ਵਿੱਚ ਇਸ ਤਰ੍ਹਾਂ ਮਸਤ ਤੇ ਅਨੰਦਿਤ ਹੋ ਜਾਂਦਾ ਹੈ ਕਿ ਇਸ ਮਸਤੀ ਵਿੱਚ ਰੱਤੀ ਕੁ ਵੀ ਕਮੀ ਉਹ ਬਰਦਾਸ਼ਤ ਨਹੀਂ ਕਰ ਸਕਦਾ ਤੇ ਚੀਖ ਉਠਦਾ ਹੈ:

*ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥*

ਇਹ ਸਾਰਾ ਕੁਝ ਸੁਣ ਕੇ ਮੈ ਤਾਂ ਘਬਰਾ ਗਿਆ, ਮੇਰਾ ਕੀ ਬਣੇਗਾ? ਮੇਰੇ ਅੰਦਰ ਨਾ ਕੋਈ ਗੁਣ ਹੈ, ਨਾ ਭਗਤੀ ਕਰਦਾ ਹਾਂ, ਨਾ ਨਾਮ ਜਪਦਾ ਹਾਂ, ਨਾ ਪ੍ਰਭੂ ਲਈ ਤੜਪ ਹੈ, ਵੈਰਾਗ ਹੈ, ਨਾ ਮਨ ਤੇ ਕੰਟਰੋਲ ਹੈ, ਨਾ ਗੁਰੂ ਦਾ ਦੱਸਿਆ ਪ੍ਰਹੇਜ ਕਰਦਾ ਹਾਂ, ਨਾ ਲੋਕਲਾਜ ਛਡੀ ਹੈ, ਨਾ ਦਿਖਾਵਾ ਛੱਡਿਆ ਹੈ, ਨਾ ਦੁਨੀਆ ਨਾਲੋਂ ਪ੍ਰੀਤ ਤੋੜੀ ਹੈ, ਨਾ 'ਮੈਂ' ਮਰੀ ਹੈ, ਨਾ ਉਸ ਨਾਲ ਜੋੜੀ ਹੈ, ਹਰ ਪਾਸਿਓਂ ਖਾਲੀ ਹਾਂ, ਕੋਈ ਗੁਣ, ਕੋਈ ਉਪਕਾਰ ਨਹੀਂ। ਮਨ ਦੀਆਂ ਇਨ੍ਹਾਂ ਸੋਚਾਂ ਵਿੱਚ ਹੀ ਸਾਂ ਕਿ ਪਤਿਤ ਪਾਵਨ ਸਤਿਗੁਰਾਂ ਨੇ ਬੇਨਤੀ ਦੇ ਇਨ੍ਹਾਂ ਸ਼ਬਦਾਂ ਰਾਹੀਂ ਦੀਨ-ਹੀਨ ਮਨ ਨੂੰ ਕੁਝ ਦਿਲਾਸਾ ਦਿੱਤਾ।

ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥ (ਪੰਨਾ 709)
ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸਭਾਇ ਜੀਉ॥ (ਪੰਨਾ 446)
ਕਹਾ ਕਹਉ ਮੈ ਅਪਨੀ ਕਰਨੀ ਜਿਹ ਬਿਧਿ ਜਨਮ ਗਵਾਇਓ॥
ਕਹਿ ਨਾਨਕ ਸਭ ਅਉਗਨ ਮੋ ਮੈ ਰਾਖਿ ਲੇਹੁ ਸਰਨਾਇਓ॥ (ਪੰਨਾ 1231-32)
ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕਉ ਸਦਾ ਰਹਉ ਰੰਗਿ ਰਾਤਾ॥ (ਪੰਨਾ 666)

ਅਤੇ ਮਨ ਨੇ ਇਹ ਸਵੀਕਾਰ ਕੀਤਾ-ਪ੍ਰਭੂ ਜੀਉ, ਵਾਕਈ ਮੇਰੀ ਹਾਲਤ ਤੋਂ ਬਦਤਰ ਹੋਰ ਹਾਲਤ ਹੋ ਨਹੀਂ ਸਕਦੀ, ਮੈਂ ਗੁਨਾਹਾਂ ਚੋਂ ਪੈਦਾ ਹੋਇਆ ਹਾਂ, ਗੁਨਾਹ ਹੀ ਕਰੀ ਜਾ ਰਿਹਾ ਹਾਂ, ਨਿਤ (ceaselessty) ਕਰਦਾ ਹਾਂ, ਮੇਰੇ ਮਨ ਤੇ ਜੋ ਮੈਲ ਚਮੁਟੀ ਹੈ ਉਹ ਸੌ ਵਾਰ ਧੋਣ ਤੇ ਵੀ ਸਾਫ ਨਹੀਂ ਹੋ ਸਕਦੀ, ਮੈਨੂੰ ਤਾਂ ਜੁੱਤੀਆਂ ਹੀ ਪੈਣੀਆਂ ਬਣਦੀਆਂ ਹਨ ਤੇ ਪੈਣਗੀਆਂ; ਬਸ ਇੱਕੋ ਆਸ ਤੇ ਉਮੀਦ ਹੈ, ਆਪ ਪਤਿਤ ਪਾਵਨ ਹੋ, ਜੇ ਅਪਣੇ ਬਿਰਦ ਅਨੁਸਾਰ ਆਪਣੇ ਇਸ ਨੀਚ ਨੂੰ ਬਖਸ਼ ਦਿੱਤਾ ਤਾਂ ਹੀ ਬਚ ਸਕਦਾ ਹਾਂ ਵਰਨਾ ਮੈਨੂੰ ਕੋਈ ਨਹੀਂ ਬਚਾ ਸਕਦਾ। ਆਪਣੇ ਅਜਾਮਲ ਨੂੰ ਬਖਸ਼ਿਆ, ਗਨਿਕਾ ਨੂੰ ਬਖਸ਼ਿਆ, ਉਸ ਕਾਮਾਰਥੀ-ਸੁਆਰਥੀ ਨੂੰ ਬਖਸ਼ਿਆ ਜਿਸਨੇ ਭੇਖ ਧਾਰ ਕੇ ਰਾਜੇ ਦੀ ਲੜਕੀ ਨਾਲ ਸ਼ਾਦੀ ਰਚਾਈ ਸੀ, ਮੇਰੇ ਗਰੀਬ ਤੇ ਵੀ ਕਿਰਪਾ ਕਰੋ, ਕਰੋਗੇ ਨਾ?

## ਲੇਖਕਾਂ ਲਈ ਬੇਨਤੀ

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਕ ਆਦਿ ਭੇਜਣ ਦੀ ਖੇਚਲ ਕਰਨ।

**ਅੰਮ੍ਰਿਤ ਕੀਰਤਨ ਟ੍ਰਸਟ** (ਰਜਿ.) 422, ਸੈਕਟਰ 15-ਏ, **ਚੰਡੀਗੜ੍ਹ** 160 015


## ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ!

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ। ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ** (ਰਜਿ.) 422,
**ਸੈਕਟਰ** 15-ਏ, **ਚੰਡੀਗੜ੍ਹ** 160 015

# ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ...

## ਪ੍ਰੋ. ਨਰਿੰਦਰ ਸਿੰਘ

956, ਫੇਜ਼ 3 ਬੀ-2, ਮੋਹਾਲੀ

**ਸਾਡਾ ਵਿਰਸਾ: 3. ਚੌਰ ਸਾਹਿਬ ਝੁਲਾਉਣੀ ਕਿ ਝੱਲਣੀ :**

ਚੌਰ ਸਾਹਿਬ ਦੀ ਸੇਵਾ ਬੜੇ ਅਦਬ ਤੇ ਸਤਿਕਾਰ ਨਾਲ ਕਰਨੀ ਚਾਹੀਦੀ ਹੈ। ਇਹ ਰਾਜੇ, ਮਹਾਰਾਜਿਆਂ ਦੇ ਸਤਿਕਾਰ ਅਤੇ ਹਕੂਮਤ ਅਥਵਾ Authority ਤੇ Sovereignity ਦੀ ਨਿਸ਼ਾਨੀ ਹੈ। ਵੀਹਵੀਂ ਸਦੀ ਤੱਕ ਚੀਨ ਦੇ ਬਾਦਸ਼ਾਹ ਦੇ ਉੱਪਰ ਵੀ ਚੌਰ ਝੁੱਲਦੀ ਆਈ ਸੁਣੀ ਹੈ। ਪੁਰਾਤਨ ਤਸਵੀਰਾਂ ਵਿੱਚ ਵੀ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਲੱਗੇ ਦਰਬਾਰਾਂ ਵਿੱਚ ਕੇਵਲ ਸਭ ਤੋਂ ਵਧੇਰੇ ਮਾਨਯੋਗ ਹਸਤੀ ਉੱਪਰ ਹੀ ਚੌਰ ਝੁੱਲਦੀ ਹੈ। ਕਈ ਵਾਰੀ ਇੱਕ ਤੋਂ ਵਧੀਕ ਚੌਰ-ਬਰਦਾਰ, ਤਖ਼ਤ ਉਪਰ ਬੈਠੇ ਮਹਾਰਾਜੇ ਜਾਂ ਦੇਵੀ-ਦੇਵਤਿਆਂ, ਅਵਤਾਰਾਂ ਆਦਿ ਦੇ ਪਿਛਲੇ ਪਾਸੇ ਖਲੋ ਕੇ ਉਨ੍ਹਾਂ ਦੇ ਸੀਸ ਉੱਪਰ ਹੌਲੀ-ਹੌਲੀ, ਰੁਕ-ਰੁਕ ਕੇ ਅਦਬ ਨਾਲ ਚੌਰ ਝੁਲਾਉਂਦੇ ਹਨ (ਜਿਵੇਂ ਫਿਲਮਾਂ, murals, ਆਦਿ ਵਿੱਚ ਦਿਖਾਇਆ ਜਾਂਦਾ ਹੈ), ਇੱਥੋਂ ਇਹ ਪ੍ਰਤੀਤ ਹੁੰਦਾ ਹੈ ਕਿ ਲੱਗੇ ਦਰਬਾਰ ਜਾਂ ਦੀਵਾਨ ਵਿੱਚ ਸਭ ਤੋਂ ਉੱਤਮ ਅਤੇ ਸਭ ਤੋਂ ਵੱਧ ਮਾਨਯੋਗ ਹਸਤੀ ਉਹ ਹੈ ਜਿਸ ਉੱਪਰ ਚੌਰ ਝੁੱਲਦੀ ਹੈ।

ਸਿੱਖ ਜਗਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ ਹਨ, ਦੇ ਸਰੂਪ ਉਪਰ ਚੌਰ ਝੁਲਾਉਂਦਾ ਆ ਰਿਹਾ ਹੈ। ਸਿੱਖ ਜਗਤ ਵਿੱਚ ਸਭ ਤੋਂ ਪਹਿਲਾਂ, ਚੌਰ ਸਾਹਿਬ ਦੀ ਸੇਵਾ ਸ਼ਾਇਦ ਭਾਈ ਬਾਲਾ ਜੀ ਦੇ ਹੱਥ ਆਈ ਹੈ ਜੋ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਉੱਪਰ ਝੁਲਾਉਂਦੇ ਪੁਰਾਤਨ ਪੇਂਟਿੰਗਜ਼ ਵਿੱਚ ਦੇਖੇ ਜਾਂਦੇ ਹਨ।

ਕਈ ਲੋਕ ਅਣਭੋਲ ਹੀ ਗੁਰੂ ਸਾਹਿਬ ਉਪਰ ਇਸ ਨੂੰ ਪੱਖੀ ਵਾਂਗ ਝੱਲਣ ਲੱਗ ਪੈਂਦੇ ਹਨ ਜਾਂ ਸਿੱਧੇ ਦਾਅ ਨਾਲ ਇਸ ਨੂੰ ਇਤਨੀ ਤੇਜ਼ ਰਫ਼ਤਾਰੀ ਨਾਲ ਹਿਲਾਉਂਦੇ ਹਨ ਕਿ ਇਸ ਕਿਰਿਆ ਵਿੱਚ ਅਦਬ ਤੇ ਸਤਿਕਾਰ ਪ੍ਰਗਟ ਨਹੀਂ ਹੁੰਦਾ। ਨਾ ਹੀ ਇਹ ਸਤਿਕਾਰ ਬਾਹਰੀ ਰੂਪ ਵਿੱਚ ਪ੍ਰਗਟ ਹੁੰਦਾ ਹੈ ਅਤੇ ਨਾ ਹੀ ਚੌਰ ਬਰਦਾਰ ਦੇ ਮਨ ਵਿੱਚੋਂ ਉਪਜਿਆ ਦਿਸਦਾ ਹੈ। ਜੇ ਚੌਰ ਸਾਹਿਬ ਦੀ ਸੇਵਾ ਇਸ  ਚਿੱਤਰ ਦੀ ਦਿਸ਼ਾ ਵਿੱਚ ਸਹਿਜੇ-ਸਹਿਜੇ, ਠਰੰਮੇ ਨਾਲ, ਰੁਕ-ਰੁਕ ਕੇ ਕੀਤੀ ਜਾਵੇ ਤਾਂ ਇਸ ਨਾਲ ਦਰਬਾਰ ਅੰਦਰ ਸ਼ਹਿਨਸ਼ਾਹੀ ਪ੍ਰਭਾਵ ਪੈਂਦਾ ਹੈ ਅਤੇ ਸੁਰਤ ਸਿਦਕ ਵਿੱਚ ਵਧੇਰੇ ਟਿਕਦੀ ਹੈ।

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਜਾਂ ਪਾਠ ਕਰਦਿਆਂ ਮਨ ਉਚਾਟ ਹੋ ਜਾਵੇ ਤਾਂ ਵਿੱਚ-ਵਿੱਚ

*"ਰਾਜਨ ਮਹਿ ਤੂ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥*
*ਠਾਕੁਰ ਮਹਿ ਠਕੁਰਾਈ ਤੇਰੀ ਕੋਮਲ ਸਿਰਿ ਕੋਮਾ॥*
*ਪਿਤਾ ਮੇਰੋ ਬਡੋ ਧਨੀ ਅਗਮਾ॥*
*ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥੧॥ ਰਹਾਉ॥"*

ਜਾਂ ਇਤਿਆਦਿ ਦੇ ਭਾਵਨਾਵਾਂ ਦੀਆਂ ਹੋਰ ਤੁਕਾਂ ਵੱਲ ਧਿਆਨ ਧਰ ਕੇ ਗੁਰੂ ਸਾਹਿਬ ਜੀ ਉਪਰ ਸਿਦਕ ਨਾਲ ਚੌਰ ਝੁਲਾ ਕੇ ਦੇਖੋ, ਮਨ ਟਿਕਾ ਵਿੱਚ ਹੋ ਜਾਵੇਗਾ; ਜੇ ਥਕਾਵਟ ਹੈ, ਉਹ ਰਹਿਸ (ਉਤਸ਼ਾਹ) ਵਿੱਚ ਬਦਲ ਜਾਵੇਗੀ।

ਕਈ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇੱਕ ਵੱਡੇ ਥੜ੍ਹੇ ਤੇ ਕੀਤਾ ਹੁੰਦਾ ਹੈ। ਅਜਿਹੇ ਸਥਾਨ ਤੇ ਕੇਵਲ ਤਾਬਿਆ ਬੈਠ ਕੇ ਹੀ ਚੌਰ ਝੁਲਾਉਣ ਦੀ ਸੇਵਾ ਫੱਬਦੀ ਹੈ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕੋਈ ਪ੍ਰੇਮੀ ਸ਼ਰਧਾ ਚੌਰ ਸਾਹਿਬ ਦੀ ਸੇਵਾ ਮਹਾਰਾਜ ਜੀ ਦੀ ਪਾਲਕੀ ਦੇ ਪਿੱਛੇ ਖੜ੍ਹੇ ਹੋ ਕੇ ਕਰਦੇ ਹਨ। ਇਸ ਹਾਲਤ ਵਿੱਚ ਕਈ ਵਾਰੀ ਲੱਕ ਤੋਂ ਹੇਠਲੇ ਬਸਤਰ ਕੋਝੇ ਢੰਗ ਨਾਲ ਨਜ਼ਰ ਆਉਂਦੇ ਹਨ ਜਿਸ ਨਾਲ ਦਰਬਾਰ ਦੀ ਸ਼ੋਭਾ ਵਿੱਚ ਵੀ ਫ਼ਰਕ ਪੈਂਦਾ ਹੈ। ਇਸ ਲਈ ਚੌਰ ਬਰਦਾਰ ਨੂੰ ਮਹਾਰਾਜ ਜੀ ਦੀ ਮੰਜੀ ਸਾਹਿਬ/ਪਾਲਕੀ ਸਾਹਿਬ ਤੋਂ ਥੋੜ੍ਹਾ ਪਿੱਛੇ ਹੱਟਕੇ ਅਤੇ ਥੜ੍ਹਾ ਸਾਹਿਬ ਤੇ ਪ੍ਰਕਾਸ਼ ਹੋਣ ਦੀ ਸੂਰਤ ਵਿੱਚ ਥੜ੍ਹੇ ਤੋਂ ਥੱਲੇ ਉੱਤਰ ਕੇ ਚੌਰ ਝੁਲਾਉਣ ਦੀ

ਸੇਵਾ ਕਰਨੀ ਸ਼ੋਭਦੀ ਹੈ।

ਸੋ ਸੰਗਤ ਜੀਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਚੌਰ ਝੁਲਾਉਣ ਦੀ ਸੇਵਾ ਕਰਦੇ ਹੋਏ ਸਰੀਰਕ ਅਤੇ ਮਾਨਸਿਕ ਤੌਰ ਤੇ ਸੁਰਤਿ ਵਿੱਚ ਇਹ ਧਿਆਨ ਰੱਖਣਾ ਉਚਿਤ ਹੈ ਕਿ ਇਹ ਚੌਰ ਝੁਲਾਉਣ ਦੀ ਸੇਵਾ *'ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ'* ਉਪਰ ਹੋ ਰਹੀ ਹੈ।

*"ਰਾਜਨ ਰਾਜ ਭਾਨਾਨ ਭਾਨ॥*
*ਦੇਵਾਨ ਦੇਵ ਉਪਮਾ ਮਹਾਨ॥"*

ਇਹ ਮੇਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

**ਸਾਡਾ ਵਿਰਸਾ 4. ਗੁਰਬਾਣੀ ਵਿੱਚ ਸਿਹਾਰੀ ਅਤੇ ਬਿਹਾਰੀ ( ਿ ਤੇ ੀ ) ਦਾ ਉਚਾਰਨ :**

ਸੰਨ 1947-48 ਤੋਂ ਬਾਅਦ ਗੁਰਮੁਖੀ ਲਿੱਪੀ ਉੱਪਰ ਦੇਵ ਨਾਗਰੀ (ਹਿੰਦੀ) ਦਾ ਪ੍ਰਭਾਵ ਪਿਆ ਹੈ। ਇਸ ਕਾਰਨ ਅਸੀਂ ਗੁਰਬਾਣੀ ਦੇ ਪਾਠ ਦਾ ਸ਼ੁੱਧ ਉਚਾਰਨ ਵੀ ਭੁੱਲੀ ਜਾ ਰਹੇ ਹਾਂ। ਜਪੁਜੀ ਸਾਹਿਬ ਦੇ ਪਾਠ ਵਿੱਚ *ਸੁਣਿਐ* ਦੀਆਂ ਪਉੜੀਆਂ ਨੂੰ *ਸੁਣੀਐ* ਉਚਾਰਨ ਕਰਨਾ ਪ੍ਰਚੱਲਤ ਹੋ ਰਿਹਾ ਹੈ। ਆਸਾ ਦੀ ਵਾਰ ਵਿੱਚ ਆਏ **ਬੋਲਿਐ** ਅੱਖਰ ਨੂੰ ਰਾਗੀ ਸਿੰਘ *ਬੋਲੀਐ* ਉਚਾਰਨ ਕਰ ਜਾਂਦੇ ਹਨ। ਹਿੰਦੀ ਵਿੱਚ ਭਗਤੀ, ਸ਼ਕਤੀ, ਮੁਕਤੀ, ਜੁਗਤੀ ਆਦਿ ਦੇ ਅਖੀਰਲੇ ਅੱਧੇ ਅੱਖਰ ਨੂੰ ਬਿਹਾਰੀ ( ੀ ) ਦੀ ਥਾਂ ਸਿਹਾਰੀ ( ਿ ) ਲਗਾਉਂਦੇ ਹਨ ਅਤੇ ਬੋਲਣ ਵਿੱਚ ਸਿਹਾਰੀ ਦੀ ਥਾਂ ਬਿਹਾਰੀ ਵਾਲੀ ਆਵਾਜ਼ ਉਚਾਰਦੇ ਹਨ। ਇਸ ਨਕਲ ਦੇ ਅਸਰ ਹੇਠਾਂ ਸਾਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਵਿਸਰ ਰਿਹਾ ਹੈ। ਅਸੀਂ ਵੀ ਗੁਰਬਾਣੀ ਉਚਾਰਣ ਸਮੇਂ ਸਿਹਾਰੀ ਦੀ ਥਾਂ ਬਿਹਾਰੀ ਵਾਲੀ ਆਵਾਜ਼ ਉਚਾਰ ਦਿੰਦੇ ਹਾਂ। ਗੁਰਮਤਿ ਅਨੁਸਾਰ ਸਾਨੂੰ ਸਿਹਾਰੀ ਤੇ ਬਿਹਾਰੀ ਦੇ ਚਿੰਨ੍ਹਾਂ ਦੇ ਸ਼ੁੱਧ ਉਚਾਰਨ ਦਾ ਗਿਆਨ ਹੋਣਾ ਚਾਹੀਦਾ ਹੈ। ਸਿਹਾਰੀ ਦੀ ਆਵਾਜ਼ ਐਸੀ ਹੈ ਜਿਵੇਂ ਅੰਗਰੇਜ਼ੀ ਦਾ ਫਿੱਟ (Fit) ਅੱਖਰ ਵਿੱਚ i ਦੀ ਆਵਾਜ਼ ਬੋਲੀ ਜਾਂਦੀ ਹੈ ਅਤੇ ਬਿਹਾਰੀ ਦੀ ਆਵਾਜ਼ ਫੀਟ (Feet) ਸ਼ਬਦ ਵਿੱਚ ee ਦੀ ਆਵਾਜ਼ ਵਰਗੀ ਹੈ। ਜੇ ਇਸ ਦਾ ਠੀਕ ਗਿਆਨ ਅਤੇ ਅਭਿਆਸ ਹੋ ਜਾਵੇ ਤਾਂ ਅਸੀਂ ਗੁਰਬਾਣੀ ਦੇ ਸ਼ੁੱਧ ਉਚਾਰਨ ਦੇ ਨਜ਼ਦੀਕ ਹੋ ਜਾਂਦੇ ਹਾਂ। ਉਦਾਹਰਨ ਦੇ ਤੌਰ ਤੇ *ਸੁਣਿਐ* ਕਰਕੇ ਨਹੀਂ ਕਰਾਂਗੇ। ਇਵੇਂ ਹੀ ਆਸਾ ਦੀ ਵਾਰ ਵਿੱਚ ਆਏ ਨਾਨਕ ਫਿਕੈ *ਬੋਲਿਐ* ਦਾ ਪਾਠ ਫਿਕੇ *ਬੋਲੀਐ* ਨਹੀਂ ਉਚਾਰਾਂਗੇ। ਨਾਉ ਤੇਰਾ ਨਿਰੰਕਾਰ ਹੈ ਨਾਇ *ਲਇਐ* ਨਰਕ ਨ *ਜਾਈਐ* ਵਿੱਚ *ਨਾਇ ਲਈਐ* ਦੀ ਗਲਤੀ ਨਹੀਂ ਕਰਾਂਗੇ। ਇਸ ਦੇ ਉਲਟ ਕਦੀ ਬਿਹਾਰੀ ਦੀ ਆਵਾਜ਼ ਸਿਹਾਰੀ ਦੀ ਆਵਾਜ਼ ਵਾਗੂੰ ਪੜ੍ਹ ਜਾਂਦੇ ਹਾਂ ਜਿਵੇਂ ਕਿ *"ਪੰਖੀ ਭਉਦੀਆਂ ਲੈਨਿ ਨ ਸਾਹ"* ਨੂੰ ਪੰਖੀ *"ਭਉਦਿਆਂ..."* ਉਚਾਰ ਜਾਈਦਾ ਹੈ।

ਸਿਹਾਰੀ ਤੇ ਬਿਹਾਰੀ ਦੇ ਫ਼ਰਕ ਨੂੰ ਹੇਠਲੇ ਦੋ ਪ੍ਰਚੱਲਤ ਅੱਖਰਾਂ ਨੂੰ ਸਮਝ ਕੇ ਸੌਖਾ ਨਿਖੇੜਿਆ ਤੇ ਸਮਝਿਆ ਜਾ ਸਕਦਾ ਹੈ। ਉਹ ਅੱਖਰ ਹਨ:

ਬੱਚਿਆਂ ਅਤੇ ਬੱਚੀਆਂ

ਜੇ ਇਨ੍ਹਾਂ ਵਿੱਚ ਆਏ ਸਿਹਾਰੀ ਅਤੇ ਬਿਹਾਰੀ ਦੀ ਆਵਾਜ਼ ਨੂੰ ਠੀਕ ਸਮਝ ਲਈਏ ਤਾਂ ਗੁਰਬਾਣੀ ਦੇ ਸ਼ੁੱਧ ਉਚਾਰਨ ਦਾ ਪਾਠ ਵੀ ਸੌਖਾ ਸਮਝਿਆ ਜਾ ਸਕਦਾ ਹੈ।

Phone : 771531, 781490, 549433

Talwar Brothers

**Dealers in: Fresh Dairy, Paultry and Food Products**
**S.C.F. No. 68, Sector: 15-D, Chandigarh**

# ਸਾਡੇ ਕੀਰਤਨੀਏ – ਭਾਈ ਹਰਪਾਲ ਸਿੰਘ (ਦਮਦਮੀ ਟਕਸਾਲ ਵਾਲੇ)


## ਭਾਈ ਅਵਤਾਰ ਸਿੰਘ ਹੰਸ

ਗੁਰੂ ਅਰਜਨ ਕੀਰਤਨ ਅਕੈਡਮੀ, ਪਟਿਆਲਾ ਗੇਟ, ਸੰਗਰੂਰ


ਕੀਰਤਨ ਦੀ ਜੋ ਪਰੰਪਰਾ ਸਿੱਖ ਗੁਰੂ ਸਾਹਿਬਾਨ ਨੇ ਸਥਾਪਤ ਕੀਤੀ ਹੈ, ਉਹ ਬੇਮਿਸਾਲ ਹੈ। ਗੁਰਬਾਣੀ ਦਾ ਕੀਰਤਨ ਮਨੁੱਖ ਮਾਤਰ ਦੀ ਤ੍ਰਿਸਨਾ ਅਗਨੀ ਨੂੰ ਸਾਂਤ ਅਤੇ ਨਿਰਮਲ ਕਰਦਾ ਹੋਇਆ, ਹਿਰਦੇ ਨੂੰ ਅਨੰਦਤ ਕਰਕੇ ਸਦ ਗੁਣ ਗ੍ਰਹਿਣ ਕਰਨ ਦੇ ਯੋਗ ਬਣਾਉਂਦਾ ਹੈ।

ਕੀਰਤਨ ਬਾਰੇ ਇਹ ਵਿਚਾਰ ਭਾਈ ਹਰਪਾਲ ਸਿੰਘ ਜੀ ਹੁਰਾਂ ਦੇ ਹਨ। ਭਾਈ ਸਾਹਿਬ ਭਾਈ ਹਰਪਾਲ ਸਿੰਘ ਜੀ 'ਦਮਦਮੀ ਟਕਸਾਲ' ਦੇ ਪ੍ਰਸਿੱਧ ਕੀਰਤਨੀਏ ਹਨ, ਬੜਾ ਹੀ ਪਿਆਰਾਂ ਰਸਭਿੰਨਾ ਮਧੁਰ ਕੀਰਤਨ ਕਰਦੇ ਹਨ।

ਭਾਈ ਹਰਪਾਲ ਸਿੰਘ ਜੀ ਦਾ ਜਨਮ 7-2-1970 ਈ: ਵਿੱਚ ਮਾਤਾ ਰਸ਼ੀਲ ਕੌਰ ਦੀ ਕੁੱਖੋਂ ਸ. ਹਰਬੰਸ ਸਿੰਘ ਜੀ ਦੇ ਘਰ ਪਿੰਡ ਮਚਰਾਵਾਂ ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਆਪ ਜੀ ਦਾ ਸਾਰਾ ਪਰਿਵਾਰ ਹੀ ਗੁਰਮਤਿ ਦਾ ਧਾਰਨੀ ਹੈ, ਧਾਰਮਿਕ ਤੇ ਕੀਰਤਨ ਦੀ ਦਾਤ ਵਿਰਸੇ ਵਿੱਚੋਂ ਹੀ ਪ੍ਰਾਪਤ ਹੋਈ। ਆਪਦੇ ਚਾਚਾ ਭਾਈ ਮਹਿੰਦਰ ਸਿੰਘ ਜੀ ਵੀ ਕੀਰਤਨ ਕਰਦੇ ਹਨ। ਮੁਢਲੀ ਸੰਗੀਤ ਵਿਦਿਆ ਚਾਚਾ ਜੀ ਤੋਂ ਹੀ ਆਰੰਭ ਕੀਤੀ, ਸੰਗੀਤ ਵੱਲ ਵਧੇਰੇ ਲਗਨ ਦੇਖ ਕੇ ਪਿਤਾ ਜੀ ਆਪ ਨੂੰ ਗੁਰਮਤਿ ਅਤੇ ਕੀਰਤਨ ਦੀ ਸਿੱਖਿਆ ਪ੍ਰਾਪਤੀ ਲਈ ਗੁਰਮਤਿ ਦੀ ਯੂਨੀਵਰਸਿਟੀ 'ਦਮਦਮੀ ਟਕਸਾਲ' (ਮਹਿਤਾ ਚੌਂਕ) ਵਿਖੇ ਛੱਡ ਆਏ, ਜੋ ਕਿ ਆਪ ਦੇ ਪਿੰਡ ਦੇ ਨੇੜੇ ਹੀ ਹੈ। ਟਕਸਾਲ ਵਿੱਚ ਰਹਿ ਕੇ ਭਾਈ ਹਰਪਾਲ ਸਿੰਘ ਨੇ ਗੁਰਮਤਿ ਸੰਗੀਤ ਵਿਦਿਆਲੇ ਦੇ ਵਿਦਵਾਨ ਉਸਤਾਦ ਰਾਗੀ ਪੂਰਨ ਸਿੰਘ ਜੀ ਤੋਂ ਰਾਗ ਵਿਦਿਆ ਪ੍ਰਾਪਤ ਕੀਤੀ ਅਤੇ ਸ਼ੁੱਧ ਗੁਰਬਾਣੀ ਉਚਾਰਨ ਦੀ ਸਿਖਿਆ ਲਈ ਅਤੇ ਰਹਿਤ ਮਰਯਾਦਾ ਵਿੱਚ ਰਹਿਣ ਦੀ ਜਾਂਚ ਸਿੱਖੀ।

ਸੰਗੀਤ ਦੀ ਹੋਰ ਉੱਚ ਵਿਦਿਆ ਹਾਸਲ ਕਰਨ ਲਈ ਆਪ ਜੀ ਨੇ ਸੰਗੀਤ ਜਗਤ ਦੇ ਪ੍ਰਸਿੱਧ ਸੰਗੀਤਕਾਰ ਉਸਤਾਦ ਜਸਵੰਤ ਸਿੰਘ 'ਭੰਵਰਾ' ਸਾਹਿਬ ਨੂੰ ਉਸਤਾਦ ਧਾਰਨ ਕੀਤਾ, ਭੰਵਰਾਂ ਸਾਹਿਬ ਨੇ ਬੜੇ ਪਿਆਰ ਨਾਲ ਸੰਗੀਤਕ ਸੂਝ ਬੂਝ ਬਖਸੀ। ਸਿੱਖ ਪੰਥ ਦੇ ਸਿਰਮੌਰ ਕੀਰਤਨੀਏ, ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ ਅੰਮ੍ਰਿਤਸਰ ਪਾਸੋਂ ਵੀ ਗੁਰਮਤਿ ਸੰਗੀਤ ਦੀਆਂ ਟਕਸਾਲੀ ਬੰਦਸ਼ਾਂ ਤੇ ਹੋਰ ਸੰਗੀਤਕ ਸਮੱਗਰੀ ਆਪ ਜੀ ਨੇ ਗ੍ਰਹਿਣ ਕੀਤੀ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕਰ ਸਿੰਘ ਜੀ ਆਪ ਨੂੰ ਬੇਹੱਦ ਪਿਆਰ ਬਖਸ਼ਦੇ ਹਨ। ਚੰਗੇ ਚੰਗੇ ਵਿਦਵਾਨ ਉਸਤਾਦਾਂ ਪਾਸੋਂ ਗੁਣ ਗ੍ਰਹਿਣ ਕਰਕੇ ਭਾਈ ਹਰਪਾਲ ਸਿੰਘ ਜੀ ਨਿਪੁੰਨ ਕੀਰਤਨੀਏ ਬਣ ਗਏ। ਸੰਗਤਾਂ ਆਪ ਜੀ ਦੇ ਰਸਭਿੰਨੇ ਕੀਰਤਨ ਤੇ ਵਿਆਖਿਆ ਤੋਂ ਬਹੁਤ ਪ੍ਰਭਾਵਤ ਹੁੰਦੀਆਂ ਹਨ। ਕੀਰਤਨ ਸਦਕਾ ਭਾਈ ਹਰਪਾਲ ਸਿੰਘ ਜੀ ਕਈ ਵਾਰ ਵਿਦੇਸ਼ਾਂ ਵਿੱਚ ਸੇਵਾ ਕਰਨ ਗਏ ਹਨ (ਅਮਰੀਕਾ, ਕਨੇਡਾ, ਇੰਗਲੈਂਡ, ਸਿੰਘਾਪੁਰ, ਜਰਮਨ ਆਦਿ) ਵਿੱਚ ਹੁਣ ਆਉਂਦੇ ਜਾਂਦੇ ਰਹਿੰਦੇ ਹਨ। ਭਾਈ ਸਾਹਿਬ ਜੀ ਨੂੰ ਸਿੱਖ ਸੰਗਤਾਂ ਵਲੋਂ ਬੜਾ ਹੀ ਪਿਆਰ ਸਤਿਕਾਰ ਤੇ ਮਾਣ ਸਨਮਾਣ ਮਿਲਿਆ ਹੈ। 1992 ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ ਵਿਖੇ ਗੁਰਮਤਿ ਸੰਗੀਤ ਦੇ ਸੰਭਾਲਕਾਰ ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਵਾਲਿਆਂ ਨੇ ਆਪ ਜੀ ਨੂੰ ਸਨਮਾਣਤ ਕੀਤਾ।

ਭਾਈ ਮਰਦਾਨਾ ਕੀਰਤਨ ਦਾਰਬਾਰ ਸੁਸਾਇਟੀ ਫਿਰੋਜ਼ਪੁਰ ਵਲੋਂ ਭਾਈ ਮਰਦਾਨਾ ਵਿਸ਼ੇਸ਼ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸੇ ਤਰ੍ਹਾਂ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਹੋਏ ਇਤਿਹਾਸਕ ਕੀਰਤਨ ਦਰਬਾਰ ਵਿੱਚ ਵੀ ਆਪ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਈ ਹਰਪਾਲ ਸਿੰਘ ਜੀ ਦੇ ਰਸਭਿੰਨੇ ਕੀਰਤਨ ਦੀਆਂ ਕਈ ਕੈਸਟਾਂ ਆ ਚੁੱਕੀਆਂ ਹਨ। ਜਿਨ੍ਹਾਂ ਨੂੰ ਸੰਗਤਾਂ ਨੇ ਬਹੁਤ ਪਸੰਦ ਕੀਤਾ ਹੈ: ਸਚ ਪੁਰਾਣਾ ਹੋਵੈ ਨਾਹੀ (ਆਡੀਓ ਟੱਚ ਕੰਪਨੀ), ਮੇਰਾ ਮਨ ਲਾਗਾ ਹੈ, ਕਰਿ ਕ੍ਰਿਪਾ ਕ੍ਰਿਪਾਲ (ਸਾਗਾ ਕੰਪਨੀ) ਵਿਸ਼ੇਸ਼ ਹਨ। ਇੱਕ ਨਵੀਂ ਕੈਸਟ 'ਵਿਣ ਬੋਲਿਆ ਸਭ ਕਿਛ ਜਾਣਦਾ' ਜਲਦੀ ਹੀ ਟੀ ਸੀਰੀਜ਼ ਵਿੱਚ ਆ ਰਹੀ ਹੈ।

ਅੱਜ ਕੱਲ੍ਹ ਵੱਡੇ ਵੱਡੇ ਕੀਰਤਨ ਦਰਬਾਰਾਂ ਤੇ ਹੋਰ ਗੁਰਮਤਿ ਸਮਾਗਮਾਂ ਵਿੱਚ ਹਾਜ਼ਰੀ ਭਰਕੇ ਭਾਈ ਹਰਪਾਲ ਸਿੰਘ ਜੀ ਚੰਗਾ ਨਾਮਣਾ ਖੱਟ ਰਹੇ ਹਨ। ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਭਾਈ ਹਰਪਾਲ ਸਿੰਘ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖਸ਼ਣ, ਇਸੇ ਤਰ੍ਹਾਂ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰਦੇ ਰਹਿਣ।

ਭਾਈ ਸਾਹਿਬ ਦਾ ਐਡਰੈਸ: ਭਾਈ ਹਰਪਾਲ ਸਿੰਘ ਰਾਗੀ, ਪਿੰਡ ਮਚਰਾਵਾਂ, ਡਾ. ਸ੍ਰੀ ਹਰਿਗੋਬਿੰਦ ਪੁਰ, ਜਿਲ੍ਹਾ ਗੁਰਦਾਸਪੁਰ, ਫੋਨ : 08172-55325

# ਕੀਰਤਨ ਸਿਖਲਾਈ


## ਉੱਤਮ ਸਿੰਘ

409, ਫੇਜ਼ 3 ਬੀ-1, ਮੋਹਾਲੀ


'ਅੰਮ੍ਰਿਤ ਕੀਰਤਨ' ਦੇ ਪਾਠਕਾਂ ਦੁਆਰਾ ਪ੍ਰਗਟ ਕੀਤੀ ਗਈ ਇੱਛਾ ਅਨੁਸਾਰ ਜਿਹੜੇ ਕੀਰਤਨ ਪ੍ਰੇਮੀ ਬਿਲਕੁਲ ਮੁੱਢ ਤੋਂ ਕੀਰਤਨ ਸਿੱਖਣਾ ਚਾਹੁੰਦੇ ਹਨ ਅਤੇ ਉਹ ਕਿਸੇ ਪਾਸ ਜਾ ਕਰਕੇ ਵੀ ਨਹੀਂ ਸਿੱਖ ਸਕਦੇ ਉਨ੍ਹਾਂ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਘਰ ਬੈਠੇ ਹੀ ਸੌਖੇ ਤੋਂ ਸੌਖੇ ਢੰਗ ਨਾਲ ਸੌਖੇ-ਸੌਖੇ ਸ਼ਬਦ ਸਿਖਾਉਣ ਲਈ ਨਵੇਂ ਸਾਲ ਸੰਨ 2002 ਤੋਂ ਅੱਜ ਪਹਿਲਾ ਸਬਕ ਸ਼ੁਰੂ ਕੀਤਾ ਜਾ ਰਿਹਾ ਹੈ।

ਕੀਰਤਨ ਸਿਖਲਾਈ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਕੀਰਤਨ ਕਰਨ ਵਾਲੇ ਸਾਜ਼ ਬਾਰੇ ਮੁਢਲੀ ਜਾਣਕਾਰੀ ਤੋਂ ਆਪ ਜੀ ਨੂੰ ਜਾਣੂ ਕਰਾਇਆ ਜਾਵੇ ਅਤੇ ਕੁਝ ਅੱਗੋਂ ਵਰਤੋਂ ਵਿੱਚ ਆਉਣ ਵਾਲੇ ਸ਼ਬਦਾਂ ਸੁਰਾਂ ਆਦਿ ਨਾਲ ਜਾਣ-ਪਛਾਣ ਕਰਵਾਈ ਜਾਵੇ ਤਾਂ ਕਿ ਅੱਗੋਂ ਮੁਸ਼ਕਲ ਨਾ ਪੇਸ਼ ਆਵੇ। ਸੋ ਅੱਜ ਅਸੀਂ ਮੁੱਢਲੀ ਜਾਣਕਾਰੀ ਆਪ ਜੀ ਦੀ ਸਹੂਲੀਅਤ ਲਈ ਛਾਪ ਰਹੇ ਹਾਂ।

ਵਾਜੇ (ਹਾਰਮੋਨੀਅਮ) ਨਾਲ ਕੀਰਤਨ ਦੀ ਸਿਖਲਾਈ

ਜਿਵੇਂ ਕਿ ਸਾਨੂੰ ਪਤਾ ਹੈ ਕਿ ਸੰਗੀਤ ਦੁਆਰਾ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕਰਕੇ ਪ੍ਰਭੂ ਦੀ ਸਿਫਤ ਸਲਾਹ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ। ਜ਼ਾਹਿਰ ਹੈ ਕਿ ਸੰਗੀਤ ਸਿੱਖਣ ਅਰਥਾਤ ਕੀਰਤਨ ਕਰਨ ਲਈ ਸੰਗੀਤ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ ਅਤੇ ਸੰਗੀਤ ਸਿਖਣ ਲਈ ਕਿਸੇ ਸਾਜ਼ (Instrument) ਦੀ ਲੋੜ ਹੁੰਦੀ ਹੈ। ਬੇਸ਼ਕ ਸ਼ਾਸਤ੍ਰੀ ਸੰਗੀਤ ਦੀ ਸ੍ਰੇਸ਼ਠ ਸਿਖਲਾਈ ਲਈ ਕਿਸੇ ਤਾਰ (ਤੰਤੀ) ਸ਼ਾਜ ਦੀ ਸਿਖਲਾਈ ਬੇਹੱਦ ਜ਼ਰੂਰੀ ਹੈ। ਜਿਵੇਂ ਕਿ ਵੋਕਲ ਸੰਗੀਤ ਸਿੱਖਣ ਲਈ ਤਾਨਪੁਰਾ ਪ੍ਰੰਤੂ ਉਸਨੂੰ ਸੁਰ ਕਰਨਾ ਨਵੇਂ ਵਿਦਿਆਰਥੀਆਂ ਲਈ ਬਹੁਤ ਹੀ ਕਠਿਨ ਹੈ। ਇਹ ਇੱਕ ਠੋਸ ਸਚਾਈ ਹੈ ਕਿ ਬਿਨਾ ਸੁਰ ਗਿਆਨ ਤੋਂ ਕਿਸੇ ਤਾਰ ਸਾਜ਼ ਨੂੰ ਸੁਰ ਕਰਨਾ, ਵਜਾਉਣਾ ਜਾਂ ਉਸ ਨਾਲ ਆਵਾਜ਼ ਮਿਲਾ ਕੇ ਗਉਣਾ ਬਹੁਤ ਔਖਾ ਹੈ। ਹਾਂ ਜਿਨ੍ਹਾਂ ਕੋਲ ਪ੍ਰਮਾਤਮਾ ਦੀ ਬਖਸ਼ਿਸ਼ ਦਾ ਸਦਕਾ ਕੁਦਰਤੀ ਸੁਰ ਗਿਆਨ ਹੁੰਦਾ ਹੈ ਉਹ ਤਾਨ ਪੂਰੇ ਨਾਲ ਵੀ ਗਾ ਸਕਦੇ ਹਨ ਅਤੇ ਉਸ ਨੂੰ ਸੁਰ ਕਰਨਾ ਵੀ ਛੇਤੀ ਹੀ ਸਿੱਖ ਸਕਦੇ ਹਨ। ਇਸ ਲਈ ਜਿਨ੍ਹਾਂ ਨੂੰ ਸੁਰ ਗਿਆਨ ਕੁਦਰਤੀ ਨਹੀਂ ਹੁੰਦਾ ਉਨ੍ਹਾਂ ਲਈ ਹਰਮੋਨੀਅਮ ਬਹੁਤ ਹੀ ਉਤਮ ਸਾਜ਼ ਹੈ। ਕਿਉਂਕਿ ਹਾਰਮੋਨੀਅਮ ਹੀ ਇੱਕ ਅਜਿਹਾ ਸਾਜ਼ ਹੈ ਜਿਸ ਨੂੰ ਬਾਰ ਬਾਰ ਸੁਰ ਕਰਨਾ ਨਹੀਂ ਪੈਂਦਾ ਅਤੇ ਇਸ ਦੀ ਵਰਤੋਂ ਦੂਜੇ ਸਾਜ਼ਾਂ ਦੇ ਮੁਕਾਬਲੇ ਵਿੱਚ ਬਹੁਤ ਆਸਾਨ ਹੈ। ਇਸ ਲਈ ਕੇਵਲ ਹਰਮੋਨੀਅਮ ਹੀ ਇੱਕ ਐਸਾ ਸਾਜ਼ ਹੈ ਜਿਹੜਾ ਕਿ ਨਵੇਂ ਸਿਖਾਂਦਰੂ ਦੀ ਨੀਂਹ ਪੱਕੀ ਕਰ ਸਕਦਾ ਹੈ। ਇਸ ਨਾਲ ਮਿਲਕੇ ਸੰਗੀਤ ਵਿੱਚ ਨਵਾਂ ਸੁਆਦ ਆਉਂਦਾ ਹੈ ਇਸ ਨੂੰ ਸਿੱਖਣਾ ਦੂਜੇ ਸਾਜ਼ਾਂ ਦੇ ਮੁਕਾਬਲੇ ਬਹੁਤ ਹੀ ਸੌਖਾ ਹੈ। ਸ਼ਾਇਦ ਇਸੇ ਲਈ ਅੱਜ ਆਮ ਤੌਰ ਤੇ ਰਾਗੀ ਸਿੰਘ ਹਰਮੋਨੀਅਮ ਨਾਲ ਹੀ ਕੀਰਤਨ ਕਰਦੇ ਹਨ। ਹਰਮੋਨੀਅਮ ਨੂੰ ਆਧੁਨਿਕ ਸੰਗੀਤ ਵਿੱਚ ਬਹੁਤ ਹੀ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ। ਇਸ ਸਾਜ਼ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਬਣਾਵਟ ਬਹੁਤ ਹੀ ਸਾਦੀ ਹੁੰਦੀ ਹੈ ਇਸੇ ਲਈ ਅਰੰਭਕ ਵਿਦਿਆਰਥੀ ਜਾਂ ਛੋਟੀ ਉਮਰ ਦਾ ਬੱਚਾ ਵੀ ਇਸ ਨੂੰ ਵਜਾ ਸਕਦਾ ਹੈ। ਕਿਉਂਕਿ ਬਾਕੀ ਤਾਰ ਸਾਜ਼ਾਂ ਵਾਂਗ ਇਸ ਦੇ ਸੁਰ ਉਤਾਰੇ ਜਾਂ ਚੜ੍ਹਾਏ ਨਹੀਂ ਜਾ ਸਕਦੇ ਇਸ ਦੇ ਸੁਰ ਪਹਿਲਾਂ ਤੋਂ ਹੀ ਮਿਲੇ ਹੁੰਦੇ ਹਨ ਅਤੇ ਫਿਕਸ ਹੁੰਦੇ ਹਨ।

ਆਉ ਹੁਣ ਹਰਮੋਨੀਅਮ ਬਾਰੇ ਮੁਢਲੀ ਜਾਣਕਾਰੀ ਹਾਸਲ ਕਰੀਏ। ਇਸ ਦੀ ਵਰਤੋਂ ਅਤੇ ਇਸ ਦੀ ਸੰਭਾਲ ਬਾਰੇ ਵੀ ਇਸ ਨੂੰ ਵਜਾਉਣ ਤੋਂ ਪਹਿਲਾਂ ਸਿੱਖ ਲੈਣਾ ਬਹੁਤ ਜ਼ਰੂਰੀ ਹੈ।

ਹਰਮੋਨੀਅਮ ਕਈ ਤਰ੍ਹਾਂ ਦਾ ਹੋ ਸਕਦਾ ਹੈ ਜਿਵੇਂ ਕਿ- 1. ਸਿੰਗਲ ਰੀਡ 2. ਡਬਲ ਰੀਡ 3. ਮੇਲ-ਮੇਲ 4. ਬਾਸ-ਮੇਲ 5. ਬਾਸ-ਫੀਮੇਲ 6. ਮੇਲ-ਫੀਮੇਲ ਆਦਿ।

ਆਪਣੀ ਆਵਾਜ਼ ਮੁਤਾਬਿਕ ਅਤੇ ਮੰਨ ਪਸੰਦੀ ਮੁਤਾਬਿਕ ਹਰਮੋਨੀਅਮ ਦੀ ਸਿਲੈਕਸ਼ਨ ਕਰਨੀ ਚਾਹੀਦੀ ਹੈ ਅਤੇ

ਹਰਮੋਨੀਅਮ ਖਰੀਦਣ ਵਕਤ ਜਿਸਨੂੰ ਇਸ ਦੀ ਜਾਣਕਾਰੀ ਹੋਵੇ ਉਸ ਨੂੰ ਨਾਲ ਲਿਜਾ ਕੇ ਉਸਦੀ ਸਲਾਹ ਲੈ ਲੈਣੀ ਚਾਹੀਦੀ ਹੈ। ਹਰਮੋਨੀਅਮ ਦੇ ਸਾਈਜ਼ ਤਿੰਨ ਸਪਤਕ, ਸਵਾ ਤਿੰਨ ਸਪਤਕ ਜਾਂ ਸਾਢੇ ਤਿੰਨ ਸਪਤਕ ਦੇ ਆਮ ਤੌਰ ਤੇ ਮਿਲਦੇ ਹਨ (ਯਨੀ 36 ਸਵਰਾਂ ਵਾਲਾ, 39 ਸਵਰਾਂ ਜਾਂ 42 ਸਵਰਾਂ ਵਾਲਾ)

ਹਰਮੋਨੀਅਮ ਵਿੱਚ ਲੱਗੀ ਲੱਕੜ ਸੀਜ਼ਨਡ ਅਤੇ ਅੱਛੀ ਕੁਆਲਿਟੀ ਦੀ ਹੋਣੀ ਚਾਹੀਦੀ ਹੈ ਇਨ੍ਹਾਂ ਵਿੱਚ ਲਗਾਈਆਂ ਪਿੱਤਲ ਦੀਆਂ ਰੀਡਜ਼ (ਸੁਰ ਜਾਂ ਪੀਪਣੀਆਂ) ਹਲਕੀਆਂ ਨਹੀਂ ਹੋਣੀਆਂ ਚਾਹੀਦੀਆਂ। ਅਰਥਾਤ ਇਸ ਵਿੱਚ ਸੁਰਾਂ ਦਾ ਸੈੱਟ ਅੱਛੀ ਕੁਆਲਿਟੀ ਦਾ ਲੱਗਿਆ ਹੋਣਾ ਚਾਹੀਦਾ ਹੈ। ਇਨ੍ਹਾਂ ਦੋ ਚੀਜਾਂ ਤੇ ਹਰਮੋਨੀਅਮ ਦੀ ਕੁਆਲਿਟੀ ਬਹੁਤ ਨਿਰਭਰ ਕਰਦੀ ਹੈ ਦੂਜੀ ਗਲ ਹਰਮੋਨੀਅਮ ਕਿਸੇ ਅੱਛੇ ਕਾਰੀਗਰ ਦੁਆਰਾ ਸੁਰ ਕੀਤਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇੱਕ ਸਿਖਾਂਦਰੂ ਨੇ ਵਾਜੇ ਨਾਲ ਹੀ ਪ੍ਰੈਕਟਿਸ ਕਰਨੀ ਹੁੰਦੀ ਹੈ ਉਸਨੂੰ ਆਪ ਸੁਰ ਗਿਆਨ ਪਹਿਲਾਂ ਨਹੀਂ ਹੁੰਦਾ ਇਸ ਲਈ ਜੇਕਰ ਵਾਜਾ ਬੇਸੁਰਾ ਹੋਇਗਾ ਤਾਂ ਸਿਖਾਂਦਰੂ ਦਾ ਸੁਰ ਵੀ ਬੇਸੁਰਾ ਹੀ ਪੱਕ ਜਾਏਗਾ ਅਤੇ ਜੇਕਰ ਵਾਜਾ ਸੁਰ ਵਿੱਚ ਹੋਵੇਗਾ ਤਾਂ ਸਿਖਾਂਦਰੂ ਦਾ ਸੁਰ ਵੀ ਗਾਉਂਦੇ-ਗਾਉਂਦੇ ਸੁਰ ਵਿੱਚ ਆ ਜਾਵੇਗਾ ਅਤੇ ਉਸਦੀ ਮਿਹਨਤ ਦਾ ਸਦਕਾ ਹੌਲੀ ਹੌਲੀ ਉਸ ਦਾ ਗਲਾ ਵੀ ਮਧੁਰ ਅਤੇ ਸੁਰੀਲਾ ਹੋ ਜਾਵੇਗਾ।

**ਵਾਜੇ ਦਾ ਰਖ ਰਖਾਅ** : ਵਾਜਾ ਖਰੀਦ ਲੈਣ ਤੋਂ ਬਾਅਦ ਉਸ ਨੂੰ ਰੋਜ ਵਜਾਉਣਾ ਵੀ ਚਾਹੀਦਾ ਹੈ ਕਿਉਂਕਿ ਵਾਜਾ ਬੰਦ ਪਿਆ ਵੀ ਖਰਾਬ ਹੋ ਜਾਂਦਾ ਹੈ। ਵਾਜੇ ਨੂੰ ਰੋਜ਼ ਸਾਫ਼ ਕਰਨਾ ਚਾਹੀਦਾ ਹੈ ਜੇਕਰ ਨਾ ਵੀ ਵਜਾਉਣਾ ਹੋਵੇ ਤਾਂ ਵੀ। ਵਾਜੇ ਨੂੰ ਕਪੜੇ ਵਿੱਚ ਬੰਨ ਕੇ ਜਾਂ ਬਕਸੇ ਵਿੱਚ ਬੰਦ ਕਰਕੇ ਕਿਸੇ ਅਜਿਹੀ ਥਾਂ ਤੇ ਰੱਖਣਾ ਚਾਹੀਦਾ ਹੈ ਜਿੱਥੇ ਮਿੱਟੀ ਅਤੇ ਸਲ੍ਹਾਬੇ ਦਾ ਕੋਈ ਖਤਰਾ ਨਾ ਹੋਵੇ ਅਤੇ ਕੀੜੇ ਮਕੌੜੇ ਤੋਂ ਬਚਿਆ ਰਹੇ।

**ਵਾਜੇ ਦੀ ਬਣਤਰ** : ਵਾਜੇ ਨੂੰ ਬਾਹਰੀ ਤੌਰ ਤੇ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਸਟੋਪਜ਼ 2. ਰੀਡ ਬੋਰਡ 3. ਪੱਖਾ

**ਸਟੋਪਜ਼** : ਹਰਮੋਨੀਅਮ ਦੇ ਅਗਲੇ ਪਾਸੇ 4 ਤੋਂ 8 ਤੱਕ ਲਾਟੂ ਜਿਹੇ ਲੱਗੇ ਹੁੰਦੇ ਹਨ। ਇਨ੍ਹਾਂ ਨੂੰ ਸਟੋਪਜ਼ ਕਹਿੰਦੇ ਹਨ। ਇਨ੍ਹਾਂ ਵਿੱਚੋਂ ਕੁਝ ਲਾਟੂ ਛੋਟੇ ਸਾਈਜ਼ ਦੇ ਹੁੰਦੇ ਹਨ ਅਤੇ ਕੁਝ ਵੱਡੇ ਸਾਈਜ਼ ਦੇ। ਛੋਟੇ ਸਾਈਜ਼ ਦੇ ਲਾਟੂ ਗ੍ਰਾਮ ਸਵੱਰ ਦੇ ਲਈ ਹੁੰਦੇ ਹਨ ਜਿਨ੍ਹਾਂ ਨੂੰ ਖੋਲ੍ਹਣ ਨਾਲ ਪੱਖਾ ਚਲਾਉਣ ਤੇ ਸਵੱਰ ਆਪਣੇ ਆਪ ਵਜਣੇ ਸ਼ੁਰੂ ਹੋ ਜਾਂਦੇ ਹਨ। ਸੋ ਇਨ੍ਹਾਂ ਲਾਟੂਆਂ ਨੂੰ ਆਮ ਖੋਲਣ ਦੀ ਲੋੜ ਨਹੀਂ ਪੈਂਦੀ। ਵੱਡੇ ਸਾਈਜ਼ ਦੇ ਦੋ ਜਾਂ ਤਿੰਨ ਲਾਟੂਆਂ ਨੂੰ ਬਾਹਰ ਵੱਲ ਖਿਚ ਲਿਆ ਜਾਂਦਾ ਹੈ ਤਾਂ ਜੁ ਇਨ੍ਹਾਂ ਰਾਹੀਂ ਹਵਾ ਰੀਡ ਚੈਂਬਰ ਵਿੱਚ ਦਾਖਲ ਹੋ ਸਕੇ। ਇਸ ਹਵਾ ਨਾਲ ਹੀ ਹਰਮੋਨੀਅਮ ਵਿੱਚੋਂ ਸਵੱਰਾਂ ਨੂੰ ਦਬਾਉਣ ਨਾਲ ਆਵਾਜ਼ ਪੈਦਾ ਹੁੰਦੀ ਹੈ।

**ਰੀਡ ਬੋਰਡ** : ਰੀਡ ਬੋਰਡ ਹਰਮੋਨੀਅਮ ਦੇ ਉਸ ਹਿੱਸੇ ਨੂੰ ਆਖਿਆ ਜਾਂਦਾ ਹੈ ਜਿਸ ਵਿੱਚ ਸੁਰਾਂ ਲੱਗੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਸੁਰਾਂ ਨੂੰ ਹੱਥ ਦੀਆਂ ਉਂਗਲੀਆਂ ਨਾਲ ਜਦੋਂ ਦਬਾਇਆ ਜਾਂਦਾ ਹੈ ਅਤੇ ਇੱਕ ਹੱਥ ਨਾਲ ਪੱਖ ਚਲਾਇਆ ਜਾਂਦਾ ਹੈ ਤਾਂ ਵਾਜੇ ਵਿੱਚੋਂ ਸੰਗੀਤ ਮਈ ਸੁਰ ਪੈਦਾ ਹੁੰਦੇ ਹਨ। ਇਸ ਰੀਡ ਬੋਰਡ ਉਪਰ ਆਮ ਤੌਰ ਤੇ 39 ਸੁਰ ਫਿੱਟ ਹੁੰਦੇ ਹਨ ਜਿਨ੍ਹਾਂ ਵਿੱਚੋਂ 21 ਰੀਡਜ਼ (ਸਵੱਰ) ਥੱਲੇ ਫਲੈਟ (ਇਨ੍ਹਾਂ ਨੂੰ ਸਫੈਦ ਸਵੱਰ ਵੀ ਕਿਹਾ ਜਾਂਦਾ ਹੈ) ਲੱਗੇ ਹੁੰਦੇ ਹਨ ਅਤੇ 15 ਰੀਡਜ਼ (ਸਵੱਰ) ਉਪਰ ਉਠੇ ਹੋਏ ਹੁੰਦੇ ਹਨ (ਇਨ੍ਹਾਂ ਨੂੰ ਕਾਲੇ ਸਵੱਰ ਵੀ ਕਿਹਾ ਜਾਂਦਾ ਹੈ) ਇਹ ਸਫੈਦ ਸਵਰਾਂ ਨਾਲੋਂ ਲੰਬਾਈ ਚੌੜਾਈ ਵਿੱਚ ਛੋਟੇ ਹੁੰਦੇ ਹਨ। ਇਨ੍ਹਾਂ 36 ਸੁਰਾਂ ਨੂੰ 12-12 ਸੁਰਾਂ (ਤਿੰਨ ਸਪਤਕਾਂ) ਵਿੱਚ ਵੰਡ ਦਿੱਤਾ ਜਾਂਦਾ ਅਤੇ ਤਿੰਨ ਸੁਰ (ਰੀਡਜ਼) ਜਿਹੜੇ ਵਾਧੂ ਹੁੰਦੇ ਹਨ ਉਨ੍ਹਾਂ ਵਿੱਚੋਂ ਇੱਕ ਉਪਰ ਅਤੇ ਦੋ ਰੀਡਜ਼ ਥੱਲੇ ਉਸ ਤੋਂ ਅੱਗੇ ਫਿਟ ਕੀਤੇ ਹੁੰਦੇ ਹਨ। ਇਸ ਤਰ੍ਹਾਂ ਕੁਲ 39 ਰੀਡਜ਼ ਹੁੰਦੇ ਹਨ। ਰੀਡ ਬੋਰਡ ਦਾ ਚਿੱਤਰ ਹੇਠਾਂ ਦਿੱਤਾ ਜਾ ਰਿਹਾ ਹੈ।

**ਪੱਖਾ** : ਹਰਮੋਨੀਅਮ ਵਿੱਚ ਹਵਾ ਭਰਨ ਲਈ ਪਿਛਲੇ ਪਾਸੇ ਜਿਹੜੀ ਧੌਂਕਣੀ ਜਿਹੀ ਲੱਗੀ ਹੁੰਦੀ ਹੈ ਉਸ ਨੂੰ ਪੱਖਾ (ਬੈਲੋ) ਕਿਹਾ ਜਾਂਦਾ ਹੈ। ਇੱਕ ਪੱਖਾ ਵਾਜੇ ਦੇ ਅੰਦਰ ਵੀ ਹੁੰਦਾ ਹੈ। ਇਸ ਬਾਹਰਲੇ ਪੱਖੇ ਨੂੰ ਖੱਬੇ ਹੱਥ ਨਾਲ ਚਲਾਇਆ ਜਾਂਦਾ ਹੈ।

**ਵਾਜਾ ਵਜਾਉਣਾ** : ਖਾਲੀ ਪੱਖਾ ਚਲਾਕੇ ਸੱਜੇ ਹੱਥ ਦੀਆਂ ਉਂਗਲਾਂ ਪਰਦਿਆਂ (ਸੁਰਾਂ ਜਾਂ ਰੀਡਜ਼) ਉੱਪਰ ਹੱਥ ਰੱਖਣ ਨਾਲ ਆਵਾਜ਼ ਨਿਕਲਣੀ ਸ਼ੁਰੂ ਹੋ ਜਾਂਦੀ ਹੈ। ਇਸ ਸਾਜ਼ ਦੇ ਕਿਸੇ ਵੀ ਸਵੱਰ ਨੂੰ 'ਸ' ਮੰਨ ਕੇ ਗਾਇਆ ਜਾ ਸਕਦਾ ਹੈ। ਸ਼ੁੱਧ ਅਤੇ ਵਿਕ੍ਰਿਤ ਅਰਥਾਤ ਕੋਮਲ ਅਤੇ ਤੀਵਰ ਸਵਰਾਂ ਦੀ ਸਥਿੱਤੀ ਬਿਲਕੁਲ ਚਿਤਰ ਨੰਬਰ 1 ਵਿੱਚ

ਦਿੱਤੇ ਅੰਕਾਂ ਦੀ ਤਰਤੀਬ ਅਨੁਸਾਰ ਹੀ ਰਹੇਗੀ।

ਨੋਟ: ਜਿਹੜੇ ਖਬਚੂ ਹਨ ਅਰਥਾਤ ਸਾਰੇ ਕੰਮ ਖੱਬੇ ਹੱਥ ਨਾਲ ਕਰਦੇ ਹਨ ਉਹ ਸੱਜੇ ਹੱਥ ਨਾਲ ਪੱਖਾ ਚਲਾਉਣਗੇ ਅਤੇ ਖੱਬੇ ਹੱਥ ਨਾਲ ਸੁਰਾਂ ਦਬਾਉਣਗੇ।

(ਚਿੱਤਰ ਨੰਬਰ 1)




ਕਿਸੇ ਵੀ ਸਵੱਰ ਨੂੰ ਸ ਮੰਨਣ ਵੇਲੇ ਇਹ ਧਿਆਨ ਰੱਖਣਾ ਪਵੇਗਾ ਕਿ ਕਿਹੜਾ ਸਵੱਰ ਤੁਸੀਂ ਸ ਸਲੈਕਟ ਕਰੋਗੇ ਤੁਹਾਡੀ ਆਵਾਜ਼ ਉਸ ਤੋਂ ਤਿੰਨ ਚਾਰ ਸਵੱਰ ਥੱਲੇ ਅਰਥਾਤ ਮੰਦ੍ ਸਪਤਕ ਦੇ ਮ ਜਾਂ ਪ ਤੱਕ ਜਾਣੀ ਚਾਹੀਦੀ ਹੈ ਅਤੇ ਤਿੰਨ ਚਾਰ ਸਵੱਰ ਉੱਪਰ ਅਰਥਾਤ ਉਪਰਲੇ ਤਾਰ ਸਪਤਕ ਦੇ ਮ ਜਾਂ ਪ ਤੱਕ ਜਾਣੀ ਚਾਹੀਦੀ ਹੈ।

ਨੋਟ: ਸ਼ਾਇਦ ਸ਼ੁਰੂ ਵਿੱਚ ਤੁਹਾਡੀ ਆਵਾਜ਼ ਜ਼ਿਆਦਾ ਉੱਪਰ ਜਾਂ ਜ਼ਿਆਦਾ ਥੱਲੇ ਨਾ ਜਾਵੇ ਪਰ ਹੌਲੀ ਹੌਲੀ ਅਭਿਆਸ ਕਰਨ ਨਾਲ ਆਵਾਜ਼ ਖੁਲ, ਜਾਵੇਗੀ ਅਤੇ ਇਨ੍ਹਾਂ ਸਵੱਰਾਂ ਤੇ ਆਵਾਜ਼ ਜਾਣ ਲੱਗ ਪਵੇਗੀ। ਪਰ ਮੱਧ ਸਪਤਕ ਦੇ ਸਾਰੇ ਸਵਰਾਂ ਤੇ ਤੁਹਾਡੀ ਆਵਾਜ਼ ਆਸਾਨੀ ਨਾਲ ਪਹੁੰਚਣੀ ਬਹੁਤ ਜ਼ਰੂਰੀ ਹੈ। ਯਨੀ ਜਿਸ ਵੀ ਸੁਰ ਨੂੰ ਤੁਸੀਂ ਸ ਮੰਨਿਆ ਹੈ ਉਸ ਤੋਂ ਉੱਪਰ 7 ਸ਼ੁਧ ਸਵੱਰ ਆਸਾਨੀ ਨਾਲ ਲਗ ਜਾਣੇ ਚਾਹੀਦੇ ਹਨ।

ਆਮ ਤੌਰ ਤੇ ਆਦਮੀਆਂ ਲਈ ਅਤੇ ਵੱਡੀ ਉਮਰ ਦੇ ਲੜਕਿਆਂ ਲਈ (ਜਿਨ੍ਹਾਂ ਦੀ ਦਾੜ੍ਹੀ ਮੁਛ ਫੁੱਟ ਰਹੀ ਹੋਵੇ ਅਤੇ ਆਵਾਜ਼ ਬਦਲ ਗਈ ਹੋਵੇ) ਥੱਲੇ ਵਾਲਾ ਪਹਿਲਾ ਸਵੱਰ ਚਿੱਤਰ ਨੰਬਰ 1 ਵਿੱਚ ਮੱਧ ਸਪਤਕ ਦਾ ਸਵੱਰ ਨੰਬਰ ਇੱਕ ਜਾਂ ਫਿਰ ਉੱਪਰ ਵਾਲਾ ਪਹਿਲਾ ਸਵੱਰ ਜਾਨੀ ਸਵੱਰ ਨੰਬਰ 2 ਨੂੰ ਸ ਮੰਨਣਾ ਠੀਕ ਰਹਿੰਦਾ ਹੈ। ਇਸੇ ਤਰ੍ਹਾਂ ਇਸਤਰੀਆਂ ਲਈ ਛੋਟੇ ਬੱਚਿਆਂ ਲਈ ਚਿੱਤਰ ਨੰਬਰ 1 ਵਿੱਚ ਮੰਦ੍ ਸੱਪਤਕ ਦਾ ਸਵੱਰ ਨੰਬਰ 9 ਜਾਂ 7 ਨੰਬਰ ਨੂੰ ਸ ਮੰਨਣਾ ਠੀਕ ਰਹਿੰਦਾ ਹੈ। ਇਹ ਆਪਣੀ ਆਵਾਜ਼ ਦੀ ਰੇਂਜ ਅਨੁਸਾਰ ਸੈਟ ਕਰਨਾ ਪੈਂਦਾ ਹੈ। ਆਮ ਤੌਰ ਤੇ ਜ਼ਿਆਦਾ ਤਰ ਆਦਮੀਆਂ ਲਈ ਸਵਰ ਨੰਬਰ 2 (ਮੱਧ ਸਪਤਕ) ਅਤੇ ਇਸਤਰੀਆਂ ਲਈ ਸਵਰ ਨੰਬਰ 9 (ਮੰਦ੍ ਸਪਤਕ) ਹੀ ਸ ਰੱਖਿਆ ਜਾਂਦਾ ਹੈ।

ਇਸ ਤਰ੍ਹਾਂ ਆਪਣੀ ਸਹੂਲੀਅਤ ਅਨੁਸਾਰ ਜਿਸ ਸਵੱਰ ਤੋਂ ਤੁਹਾਡੀ ਆਵਾਜ਼ ਆਸਾਨੀ ਨਾਲ ਉੱਪਰ ਥੱਲੇ ਜਾ ਸਕੇ, ਕਿਸੇ ਵੀ ਸਵੱਰ ਨੂੰ ਸ ਮੰਨ ਕੇ ਗਾਣਾ ਸ਼ੁਰੂ ਕਰੋ। ਇਸ ਤਰ੍ਹਾਂ ਤੁਹਾਡਾ ਇਹ ਸਵੱਰ ਨੰਬਰ 1 ਬਣ ਜਾਵੇਗਾ ਅਤੇ ਬਾਕੀ ਸਵੱਰਾਂ ਦੀ ਗਿਣਤੀ ਇਸ ਸਵੱਰ ਤੋਂ ਅੱਗੇ ਕਰਨੀ ਸ਼ੁਰੂ ਕਰ ਦਿਉ। ਇੰਜ ਤੁਸੀਂ ਵੇਖੋਗੇ ਕਿ ਬਾਕੀ ਸਵੱਰਾਂ ਦੀ ਸਥਿਤੀ ਚਿੱਤਰ ਨੰਬਰ 1 ਦੇ ਅਨੁਸਾਰ ਆਪਣੇ ਆਪ ਬਣ ਜਾਵੇਗੀ। ਅਰਥਾਤ ਨੰਬਰ ਇੱਕ ਸਵੱਰ ਉਪਰ ਸ, ਦੋ ਨੰਬਰ ਸਵੱਰ ਉਪਰ ਕੋਮਲ ਰੇ, ਤਿੰਨ ਨੰਬਰ ਸਵੱਰ ਉਪਰ ਸ਼ੁੱਧ ਰੇ, ਚਾਰ ਨੰਬਰ ਉੱਪਰ ਕੋਮਲ ਗ, ਪੰਜ ਨੰਬਰ ਉੱਪਰ ਸ਼ੁੱਧ ਗ, ਛੇ ਨੰਬਰ ਉੱਪਰ ਸ਼ੁੱਧ ਮ, ਸੱਤ ਨੰਬਰ ਉੱਪਰ ਤੀਵਰ ਮ, ਅੱਠ ਨੰਬਰ ਉੱਪਰ ਪ, ਨੌ ਨੰਬਰ ਉੱਪਰ ਕੋਮਲ ਧ, ਦਸ ਨੰਬਰ ਉੱਪਰ ਸ਼ੁੱਧ ਨੀ, ਗਿਆਰਾਂ ਨੰਬਰ ਉੱਪਰ ਕੋਮਲ ਨੀ, ਬਾਰ੍ਹਾਂ ਨੰਬਰ ਉੱਪਰ ਸ਼ੁੱਧ ਨੀ ਅਤੇ ਫਿਰ ਇੱਕ ਨੰਬਰ ਉੱਪਰ ਉਪਰਾਲਾ ਸ ਯਨੀ ਤਾਰ ਸਪੱਤਕ ਦਾ ਸ ਸਿਥਿਤ ਹੋਵੇਗਾ।

# ਆਉ ਤਬਲਾ ਸਿੱਖੀਏ

## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367, ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ

**ਤਬਲੇ ਦੇ ਘਰਾਣੇ:** ਇਸ ਵਿਚਾਰ ਨਾਲ ਵਿਦਵਾਨਾਂ ਦਾ ਬਹੁਮਤ ਸਹਿਮਤ ਹੈ ਕਿ ਤਬਲੇ ਨੂੰ ਪ੍ਰਚਲਤ ਕਰਨ ਵਿੱਚ ਦਿੱਲੀ ਦੇ ਪ੍ਰਥਮ ਤਬਲਾ ਵਾਦਕ ਉਸਤਾਦ ਸਿਧਾਰ ਖਾਂ ਦਾ ਬਹੁਤ ਯੋਗਦਾਨ ਹੈ। ਸਿਧਾਰ ਖਾਂ ਦੀ ਵੰਸ਼ ਪ੍ਰੰਪਰਾ ਅਤੇ ਸਗਿਰਦ ਪ੍ਰੰਪਰਾ ਨੇ ਦਿੱਲੀ ਘਰਾਣੇ ਦੀ ਨੀਂਹ ਰੱਖੀ। ਜਿਵੇਂ ਕਹਾਵਤ ਹੈ ਮਾਂ ਪਰ ਪੂਤ ਪਿਤਾ ਪਰ ਘੋੜਾ ਬਹੁਤਾ ਨਹੀਂ ਤਾਂ ਥੋੜਾ ਥੋੜਾ ਭਾਵ ਜਿਵੇਂ ਬੱਚੇ ਵਿੱਚ ਪਿਤਾ ਪੁਰਖੀ ਗੁਣ ਆਪਣੇ ਆਪ ਆ ਜਾਂਦੇ ਹਨ। ਪਰ ਸੰਗੀਤ ਵਿੱਚ ਸਗਿਰਦ ਉਸਤਾਦ ਦੀ ਦੂਜੀ ਕਾਪੀ (ਰੂਪ) ਹੁੰਦਾ ਹੈ। ਭਾਵ ਜਿਸ ਤਰ੍ਹਾਂ ਦੇ ਢੰਗ ਨਾਲ ਉਸਤਾਦ ਵਜਾਉਂਦਾ ਹੈ ਸਗਿਰਦ ਵੀ ਬਿਲਕੁਲ ਉਸੇ ਢੰਗ ਨਾਲ ਵਾਦਨ ਕਰਨ ਦੀ ਪ੍ਰੈਕਟਿਸ ਕਰਦੇ। ਇਸ ਤਰ੍ਹਾਂ ਇੱਕ ਸਟਾਇਲ ਜਾਂ ਸ਼ੈਲੀ ਕਾਇਮ ਹੋ ਜਾਂਦੀ ਹੈ ਜਿਸ ਦੀ ਆਪਣੀ ਵੱਖਰੀ ਪਹਿਚਾਣ ਬਣ ਜਾਂਦੀ ਹੈ। ਉਸ ਪਹਿਚਾਣ ਨੂੰ, ਵਾਦਨ ਢੰਗ ਨੂੰ ਬਾਦ ਵਿੱਚ ਘਰਾਣਾ ਕਿਹਾ ਜਾਣ ਲੱਗਾ। ਹੌਲੀ-ਹੌਲੀ ਹਰ ਘਰਾਣੇ ਦੀਆਂ ਆਪਣੀਆਂ-ਆਪਣੀਆਂ ਵਿਸ਼ੇਸ਼ਤਾਵਾਂ ਦੇ ਕਾਰਨ ਅਲਗ-ਅਲਗ ਪਹਿਚਾਣ ਬਣਦੀ ਗਈ।

ਦਿੱਲੀ ਘਰਾਣੇ ਦੇ ਮੋਢੀ ਉਸਤਾਦ ਸਿਧਾਰ ਖਾਂ ਦੇ ਤਿੰਨ ਪੁੱਤਰ ਅਤੇ ਤਿੰਨ ਸਗਿਰਦ ਵਿਸ਼ੇਸ਼ ਕਰਕੇ ਪ੍ਰਸਿੱਧ ਹੋਏ। ਸ਼ਗਿਰਦਾਂ ਵਿੱਚ ਉਸਤਾਦ ਰੋਸ਼ਨ ਖਾਂ ਉਸਤਾਦ ਕਲੂ ਖਾਂ ਅਤੇ ਉਸਤਾਦ ਤੁਲੱਨ ਖਾਂ ਵਿਸ਼ੇਸ ਸਨ। ਪੁੱਤਰਾਂ ਵਿੱਚੋ ਉਸਤਾਦ ਬੁਗਰਾ ਖਾਂ ਘਸੀਟ ਖਾਂ ਅਤੇ ਤੀਸਰੇ ਦਾ ਨਾਂ ਅਗਿਆਤ ਹੈ। ਉਸਤਾਦ ਸਿਤਾਬ ਖਾਂ ਵਿਦਵਾਨ ਤਬਲਾ ਵਾਦਕ ਹੋਏ ਜਿਨ੍ਹਾਂ ਦੇ ਪੁੱਤਰ ਨਜ਼ਰ ਅਲੀ ਭਾਣਜੇ (ਨਾਤੀ) ਕਾਲੇ ਖਾਂ ਨੇ ਆਪਣਾ ਨਾਮ ਕਮਾਇਆ। ਕਾਲੇ ਖਾਂ ਦੇ ਪੁੱਤਰ ਬੋਲੀ ਬਖ਼ਸ ਅਤੇ ਉਨ੍ਹਾਂ ਦੇ ਪੁੱਤਰ ਨੱਥੂ ਖਾਂ ਦਿੱਲੀ ਘਰਾਣੇ ਦੇ ਖਲੀਫਾ ਮੰਨੇ ਜਾਂਦੇ ਸਨ। ਨੱਥੂ ਖਾਂ ਦੇ ਸ਼ਗਿਰਦ ਮੇਰਠ ਨਿਵਾਸੀ ਉਸਤਾਦ ਹਬੀਬੂਦੀਨ ਖਾਂ ਹੋਏ ਹਨ। ਜਿਨ੍ਹਾਂ ਨੂੰ ਕਿ ਸੰਗਤ ਕਰਨ ਵਿੱਚ ਕਮਾਲ ਹਾਸਲ ਸੀ।

ਉਸਤਾਦ ਹੀਬੀਬੂਦੀਨ ਖਾਂ ਸਾਹਿਬ ਹਰਿ ਬਲਭ ਸੰਗੀਤ ਸੰਮੇਲਨ ਜਲੰਧਰ ਵਿਖੇ ਪੰਡਿਤ ਉਂਕਾਰ ਨਾਥ ਠਾਕੁਰ ਜੀ ਨਾਲ ਸੰਗਤ ਕਰਨ ਲਈ ਬੈਠੇ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਤਬਲਾ ਵਾਦਕ ਨੂੰ ਗਾਇਕ ਨਾਲੋਂ ਨੀਵੀ ਥਾਂ ਤੇ ਬਿਠਾਇਆ ਜਾਂਦਾ ਸੀ ਅੱਜ ਵਾਂਗ ਬਰਾਬਰ ਨਹੀਂ। ਸਟੇਜ ਸਕੱਤਰ (ਅਨਾਉਸਰ) ਨੇ ਦੱਸਿਆ ਕਿ ਪੰਡਤ ਉਂਕਾਰ ਨਾਥ ਠਾਕੁਰ ਅੱਜ ਰਾਗ ਮਾਲਕੋਸ਼ ਪੇਸ਼ ਕਰਨਗੇ। ਪੰਡਿਤ ਜੀ ਤਾਨਪੁਰਾ ਸੁਰ ਕਰਕੇ ਗਾਇਨ ਸ਼ੁਰੂ ਕਰਨ ਹੀ ਵਾਲੇ ਸਨ ਉਸਤਾਦ ਹਬੀਬੂ ਦੀਨ ਖਾਂ ਸਾਹਿਬ ਨੇ ਤਬਲੇ ਦੇ ਦਾਇਨੇ ਬਾਏ ਵਿੱਚੋਂ ਥਾਪ ਮਾਰ ਕੇ ਮਾਲਕੋਸ਼ ਦਾ ਸਰੂਪ ਪੇਸ਼ ਕਰ ਦਿੱਤਾ। ਪੰਡਤ ਜੀ ਦੇ ਮੂੰਹੋਂ ਨਿਕਲਿਆ "ਅਰੇ ਵਾਹ ਕਿਆ ਬਾਤ ਹੈ"

"ਪੰਡਤ ਜੀ ਹਮਾਰਾ ਤਬਲਾ ਗਾਤਾ ਹੈ" ਖਾਂ ਸਾਹਿਬ ਨੇ ਕਿਹਾ "ਅਰੇ ਭਾਈ ਅਬ ਆਪਕੀ ਜਗਹ ਯਹਾਂ ਨੀਚੇ ਨਹੀਂ ਹਮ ਕੇ ਸਾਥ ਆਕਰ ਬੈਠੋ।"

ਅੱਜ ਜੇਕਰ ਸੰਗੀਤ ਦੀਆਂ ਮਹਿਫਿਲਾਂ ਵਿੱਚ ਤਬਲਾ ਵਾਦਕ ਬਰਾਬਰ ਬੈਠ ਕੇ ਆਪਣੀ ਕਲਾ ਦੇ ਜੌਹਰ ਵਿਖਾਉਂਦਾ ਹੈ ਤੇ ਦਾਦ ਪ੍ਰਾਪਤ ਕਰਦਾ ਹੈ ਤਾਂ ਇਹ ਰੁਤਬਾ ਉਸਤਾਦ ਹਬੀਬੂਦੀਨ ਖਾਂ ਸਾਹਿਬ ਦਾ ਦਿਵਾਇਆ ਹੋਇਆ ਹੈ। ਜਿਸ ਬਦਲੇ ਪੀੜੀਆਂ ਦਰ ਪੀੜੀਆਂ ਤਬਲਾ ਵਾਦਕ ਇਨ੍ਹਾਂ ਦੇ ਅਹਿਸਾਨ ਮੰਦ ਰਹਿਣਗੇ। ਬੋਲੀ ਬਖ਼ਸ ਖਾਂ ਦੇ ਸ਼ਗਿਰਦ ਮੁਨੀਰ ਖਾਂ ਜੋ ਵਾਦਕ ਦੇ ਨਾਲ-ਨਾਲ ਚੰਗੇ ਅਧਿਆਪਕ ਵੀ ਸਨ ਇਨ੍ਹਾਂ ਦੇ ਸ਼ਗਿਰਦ ਅਮੀਰ ਹਸਨ ਖਾਂ, ਸਮਸੂਦੀਨ ਖਾਂ, ਗੁਲਾਮ ਹੁਸੈਨ ਖਾਂ ਅਤੇ ਸਭ ਤੋਂ ਪ੍ਰਸਿੱਧ ਉਸਤਾਦ ਅਹਿਮਦ ਜਾਨ ਥਿਰਕਵਾ ਸਾਹਿਬ ਸਨ।

ਉਸਤਾਦ ਸਿਧਾਰ ਖਾਂ ਦੇ ਤਿੰਨ ਪੋਤਰੇ ਉਸਤਾਦ ਮਕੂ ਖਾਂ ਉਸਤਾਦ ਮੌਦੂਖਾਂ ਤੇ ਉਸਤਾਦ ਬਖਸੂ ਖਾਂ ਜੋ ਦਿੱਲੀ ਤੋਂ ਲਖਨਊ ਆ ਗਏ ਉਨ੍ਹਾਂ ਨੇ ਅੱਗੇ ਲਖਨਊ ਘਰਾਣੇ ਦੀ ਨੀਂਹ ਰੱਖੀ।

ਉਸਤਾਦ ਹਬੀਬੂ ਦੀਨ ਖਾਂ ਸਾਹਿਬ ਦੇ ਸ਼ਗਿਰਦ ਭਾਈ ਸਤਿਨਾਮ ਸਿੰਘ ਡਰੌਲੀ ਭਾਈ ਜਿਨਾਂ ਨੇ ਖਾਂ ਸਾਹਿਬ

ਤੋਂ ਤਬਲਾ ਸਿੱਖਿਆ, ਵਜਾਇਆ ਅਤੇ ਸਿਖਾਇਆ। ਬਾਦ ਵਿੱਚ ਚੰਗੇ ਰਾਗੀ ਪ੍ਰਵਾਨ ਚੜ੍ਹੇ। ਜਿਨ੍ਹਾਂ ਨੇ ਖਾਂ ਸਾਹਿਬ ਦਾ ਬਹੁਤ ਸਾਰਾ ਸਬਕ ਰਾਗੀ ਉਸਤਾਦ ਸੁਰਜੀਤ ਸਿੰਘ ਜੀ ਨੂੰ ਦਿੱਤਾ ਜੋ ਉਨ੍ਹਾਂ ਤਾਲ ਰਤਨ ਵਿੱਚ ਅੰਕਤ ਕਰਕੇ ਸੰਗਤਾਂ ਦੀ ਭੇਟ ਕਰ ਦਿੱਤਾ। ਖਾਂ ਸਾਹਿਬ ਦੇ ਭਰਾ ਉਸਤਾਦ ਅਬਦੁਲ ਕਰੀਮ ਖਾਂ ਸਾਹਿਬ ਦੀ ਸੰਗਤ ਕਰਨ ਅਤੇ ਕੁਝ ਹੋਰ ਸਿੱਖਣ ਦਾ ਮਾਣ ਦਾਸ ਨੂੰ ਵੀ ਹਾਸਲ ਹੈ।

**ਵਾਦਨ ਸ਼ੈਲੀ:** ਦਿਲੀ ਬਾਜ ਵਿੱਚ ਵਿੱਚ ਦੋ ਉਂਗਲੀਆਂ ਦਾ ਪ੍ਰਯੋਗ ਜਿਆਦਾ ਕੀਤਾ ਜਾਂਦਾ ਹੈ। ਜ਼ਿਆਦਾਤਰ ਬੋਲ ਕਿਨਾਰ ਜਾਂ ਚਾਟੀ ਅਤੇ ਸਿਆਹੀ ਦੇ ਹੁੰਦੇ ਹਨ। ਜਿਵੇਂ ਧਿਨ ਗਿਨ ਤੇਟੇ, ਤ੍ਰਕ ਤਿਰਕਿਟ ਆਦਿ ਕਾਇਦੇ ਪੇਸਕਾਰ ਟੁਕੜੇ ਮੋਹਰੇ ਮੁਖੜੇ ਛੋਟੇ ਛੋਟੇ ਅਤੇ ਕੋਮਲ ਸੁਭਾਅ ਦੇ ਭਾਵ ਜ਼ਿਆਦਾ ਜੋਰਦਾਰ ਨਹੀਂ ਤਿਆਰੀਦਾਰ ਵਜਾਏ ਜਾਂਦੇ ਹਨ।

ਦਿਲੀ ਬਾਜ ਦਾ ਇੱਕ ਬੜਾ ਮਸ਼ਹੂਰ ਕਾਇਦਾ ਤੀਨਤਾਲ ਵਿੱਚ ਕਾਇਦਾ:

| | | | | | | | |
|---|---|---|---|---|---|---|---|
| X | | | | 2 | | | |
| ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| 0 | | | | 3 | | | |
| ਤਾਕੇ | ਤਿੰਨਾ | ਨਿਨਾ | ਨਾਨਾ | ਧਿੰਨਾ | ਧਾਗੇ | ਧਿੰਨਾ | ਗਿਨਾ |

***ਪਲਟੇ***

| | | | | | | | | |
|---|---|---|---|---|---|---|---|---|
| 1. | ਧਾਗੇ | ਧਿਨਾ | ਗਿਨਾ | ਨਾਨਾ | ਗਿਨਾ | ਧਾਗੇ | ਧਾ | ऽ |
| | ਧਾਗੇ | ਧਿਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਤਾਕੇ | ਤਿਨਾ | ਕਿਨਾ | ਨਾਨਾ | ਕਿਨਾ | ਤਾਕੇ | ਤਾ | ऽ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿੰਨਾ | ਗਿਨਾ |
| 2. | ਧਾਗੇ | ਧਿੰਨਾ | ਗਿਨਾ | ਨਾਨਾ | ਧਾਗੇ | ਧਿੰਨਾ | ਗਿਨਾ | ਨਾਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਧਾਗੇ | ਧਿੰਨਾ | ਤਿੰਨਾ | ਕਿਨਾ |
| | ਤਾਕੇ | ਤਿੰਨਾ | ਕਿਨਾ | ਨਾਨਾ | ਤਾਕੇ | ਤਿੰਨਾ | ਕਿਨਾ | ਨਾਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿਨਾ | ਗਿਨਾ |
| 3. | ਧਾਗੇ | ਧਿੰਨਾ | ਗਿਨਾ | ਧਾਗੇ | ਧਾਗੇ | ਧਿੰਨਾ | ਗਿਨਾ | ਧਾਗੇ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਤਾਕੇ | ਤਿੰਨਾ | ਕਿਨਾ | ਤਾਕੇ | ਤਾਕੇ | ਤਿੰਨ | ਕਿਨਾ | ਤਾਕੇ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿੰਨਾ | ਗਿਨਾ |
| 4. | ਧਿੰਨਾ | ਗਿਨਾ | ਧਾਗੇ | ਧਿੰਨਾ | ਧਾਗੇ | ਧਿੰਨਾ | ਗਿਨਾ | ਧਾਗੇ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਤਿੰਨਾ | ਕਿਨਾ | ਤਾਕੇ | ਤਿੰਨਾ | ਤਾਕੇ | ਤਿੰਨਾ | ਕਿਨਾ | ਤਾਕੇ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿਨਾ | ਗਿਨਾ |
| 5. | ਧਾਗੇ | ਧਾਗੇ | ਧਿੰਨਾ | ਗਿਨਾ | ਧਾਗੇ | ਧਾਗੇ | ਧਿਨਾ | ਗਿਨਾ |
| | ਧਾਗੇ | ਧਿਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਤਾਕੇ | ਤਾਕੇ | ਤਿਨਾ | ਕਿਨਾ | ਤਾਕੇ | ਤਾਕੇ | ਤਿਨਾ | ਕਿਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿੰਨਾ | ਗਿਨਾ |
| 6. | ਗਿਨਾ | ਧਾਗੇ | ਧਿੰਨਾ | ਗਿਨਾ | ਧਾਗੇ | ਧਾਗੇ | ਧਿੰਨ | ਗਿਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਕਿਨਾ | ਤਾਕੇ | ਤਿੰਨਾ | ਕਿਨਾ | ਤਾਕੇ | ਤਾਕੇ | ਤਿੰਨਾ | ਕਿਨਾ |

| | | | | | | | | |
|---|---|---|---|---|---|---|---|---|
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿੰਨਾ | ਗਿਨਾ |
| 7. | ਧਾਗੇ | ਧਾਗੇ | ਧਿੰਨਾ | ਗਿਨਾ | ਗਿਨਾ | ਧਾਗੇ | ਧਿੰਨਾ | ਗਿਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਤਾਕੇ | ਤਾਕੇ | ਤਿੰਨਾ | ਕਿਨਾ | ਕਿਨਾ | ਤਾਕੇ | ਤਿਨਾ | ਕਿਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਕੇ | ਧਿੰਨਾ | ਗਿਨਾ |
| 8. | ਗਿਨਾ | ਨਾਨਾ | ਧਾਗੇ | ਧਿਨਾ | ਧਾਗੇ | ਧਿੰਨਾ | ਗਿਨਾ | ਨਾਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਤਿਨਾ | ਕਿਨਾ |
| | ਕਿਨਾ | ਨਾਨਾ | ਤਾਕੇ | ਤਿਨਾ | ਤਾਕੇ | ਤਿਨਾ | ਕਿਨਾ | ਨਾਨਾ |
| | ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾ | ਧਾਗੇ | ਧਿੰਨਾ | ਗਿਨਾ |

*ਤਿਹਾਈ*

| | | | | | | | |
|---|---|---|---|---|---|---|---|
| ਧਾਗੇ | ਧਿੰਨਾ | ਗਿਨਾ | ਨਾਨਾ | ਗਿਨਾਂ | ਧਾਗੇ | ਤਿਨਾ | ਕਿਨਾ |
| ਤਾਕੇ | ਤਿਨਾ | ਕਿਨਾ | ਨਾਨਾ | ਕਿਨਾ | ਤਾਕੇ | ਧਿੰਨਾ | ਗਿਨਾ |

ਧਾਧਾ ਧਾਤ ਧਾ ਤਿੰਨਾ ਵਾਰ ਵਜੇਗਾ।

◆ ◆ ◆

***ਅਜਗੜਾ ਘਰਾਣਾ:*** ਦਿੱਲੀ ਦੇ ਨੇੜੇ ਹੀ ਮੇਰਠ ਜਿਲ੍ਹੇ ਵਿੱਚ ਇੱਕ ਪਿੰਡ ਹੈ ਅਜਰਾੜਾ। ਇੱਥੋਂ ਦੇ ਰਹਿਣ ਵਾਲੇ ਦੋ ਭਾਈ ਉਸਤਾਦ ਕਲੂ ਖਾਂ ਤੇ ਮੀਰੂ ਖਾਂ ਦਿੱਲੀ ਦੇ ਉਸਤਾਦ ਸਿਤਾਬ ਖਾਂ ਤੋਂ ਤਬਲੇ ਦੀ ਸਿਖਿਆ ਲਈ। ਸਿੱਖਿਆ ਪੂਰੀ ਹੋਣ ਉਪਰੰਤ ਆਪਣੇ ਪਿੰਡ ਅਜਗੜੇ ਆ ਕੇ ਰਹਿਣ ਲੱਗੇ ਅਤੇ ਅਜਗੜੇ ਘਰਾਣੇ ਦੀ ਨੀਂਹ ਰੱਖੀ ਇਨਾਂ ਦੀ ਵੰਸ ਪਰੰਪਰਾ ਹੇਠ ਲਿਖੇ ਅਨੁਸਾਰ ਹੈ।

ਸਿਤਾਬ ਖਾਂ
├ ਕਲੂ ਖਾਂ
│ ਮੁਹੰਮਦੀ ਬਖਸ਼
│ ਚਾਂਦ ਖਾਂ
│ ਕਾਲੇ ਖਾਂ
│ ਹਸ਼ ਖਾਂ
│ ਸੰਭੂ ਖਾਂ
│ ਹਬੀਬੂਦੀਨ ਖਾਂ
└ ਮੀਰੂ ਖਾਂ

ਉਪਰੋਕਤ ਤਬਲਾ ਵਾਦਕ ਅਜਗੜੇ ਘਰਾਣੇ ਦੀ ਦੇਣ ਹਨ ਜਿਨ੍ਹਾਂ ਨੇ ਸੰਗੀਤ ਜਗਤ ਵਿੱਚ ਆਪਣਾ ਨਾ ਚਮਕਾਇਆ।

**ਵਾਦਨ ਸ਼ੈਲੀ:** ਅਜਗੜਾ ਘਰਾਣੇ ਦੀ ਵਾਦਨ ਕਲਾ ਦੀ ਆਤਮਾਂ ਤਾਂ ਦਿੱਲੀ ਦੀ ਹੈ ਪਰ ਫਿਰ ਵੀ ਸਮੇਂ ਨਾਲ ਥੋੜਾ-ਥੋੜਾ ਅੰਤਰ ਜ਼ਰੂਰ ਆ ਗਿਆ। ਦਿੱਲੀ ਵਾਂਗ ਇਹ ਵੀ ਸੁੰਦਰ ਬਾਜ ਹੈ। ਬਾਕੀ ਸਾਰੇ ਗੁਣ ਦਿੱਲੀ ਵਾਲੇ ਹਨ ਅੰਤਰ ਇਹ ਹੈ ਕਿ ਅਜਗੜੇ ਦੇ ਕਾਇਦੇ ਜ਼ਿਆਦਾ ਤਰ ਆੜ ਲੈ ਵਿੱਚ ਹੁੰਦੇ ਰਨ ਬੋਲਾਂ ਦੀ ਬਣਤਰ ਝੋਲਦਾਰ ਹੁੰਦੀ ਹੈ। ਇਸ ਵਿੱਚ ਬਾਏਂ ਤਬਲੇ ਦੇ ਬੋਲਾਂ ਦੀ ਵਧ ਵਰਤੋਂ ਹੁੰਦੀ ਹੈ। ਜ਼ਿਆਦਾ ਤਰ ਧਾ ਘੇਘੇ ਨਕ ਤ੍ਰਕ ਧਿੰ

ਧਿੰऽਨ ਧਾਗੇ ਨਾ ਘੇਤਕ ਦੀ ਆਦਿ ਬੋਲ ਵਜਾਏ ਜਾਂਦੇ ਹਨ।

***ਲਖਨਊ ਘਰਾਣਾ:*** ਦਿੱਲੀ ਦੇ ਉਸਤਾਦ ਸਿਧਾਰ ਖਾਂ ਦੇ ਦੋ ਪੋਤਰੇ ਉਸਤਾਦ ਮੌਦੂ ਖਾਂ ਅਤੇ ਉਸਤਾਦ ਬਖਸ਼ ਖਾਂ ਲਖਨਊ ਦੇ ਨਵਾਬ ਦੇ ਦਰਬਾਰ ਵਿੱਚ ਆ ਗਏ। ਇੱਥੇ ਰਹਿ ਕੇ ਇਨ੍ਹਾਂ ਨੇ ਆਪਣੇ ਵਖਰੇ ਘਰਾਣੇ ਦੀ ਨੀਂਹ ਰੱਖੀ। ਇਨ੍ਹਾਂ ਦੀ ਵੰਸ਼ ਵਿੱਚ ਮੰਮੂ ਖਾਂ ਪ੍ਰਸਿੱਧ ਤਬਲੀਏ ਹੋਏ। ਇਸੇ ਪਰਿਵਾਰ ਦੇ ਮੁਹੰਮਦ ਖਾਂ ਦੇ ਦੋਨੋ ਪੁੱਤ਼ਰ ਉਸਤਾਦ ਮੁੰਨੇ ਖਾਂ ਅਤੇ ਉਸਤਾਦ ਆਬਿਦ ਹੁਸੈਨ ਖਾਂ ਆਧੁਨਿਕ ਯੁਗ ਦੇ ਪ੍ਰਸਿੱਧ ਤਬਲਾ ਵਾਦਕ ਹੋਏ ਜੋ ਨਰਿਤ ਦੀ ਸੰਗਤ ਕਰਨ ਵਿੱਚ ਨਾਮੀ ਸਨ ਅਤੇ ਖਲੀਫਾ ਮੁੰਨੇ ਖਾਂ ਦੇ ਪੁੱਤਰ ਵਾਜਿਦ ਹੁਸੈਨ ਅਤੇ ਪੋਤਰੇ ਆਫਾਕ ਹੁਸੈਨ ਵੀ ਪ੍ਰਸਿੱਧ ਚੰਗੇ ਤਬਲਾ ਵਾਦਕ ਸਨ। ਆਬਿਦ ਹੁਸੈਨ ਦੇ ਸ਼ਗਿਰਦਾਂ ਵਿੱਚ ਬਨਾਰਸ ਦੇ ਪ੍ਰਸਿੱਧ ਤਬਲਾ ਵਾਦਕ ਪੰਡਤ ਬੀਰੂ ਮਿਸਰ ਕਲਕੱਤੇ ਦੇ ਹਰਿੰਦਰ ਗੰਗੋਲੀ ਅਤੇ ਇੰਦੌਰ ਦੇ ਉਸਤਾਦ ਜਹਾਂਗੀਰ ਖਾਂ ਹੋਏ ਹਨ।

***ਫ਼ਰੁਖਾਬਾਦ ਘਰਾਣਾ:*** ਪੂਰਬ ਦੇ ਘਰਾਣਿਆਂ ਵਿੱਚੋਂ ਇੱਥੋਂ ਦੇ ਪ੍ਰਥਮ ਤਬਲਾ ਵਾਦਕ ਉਸਤਾਦ ਵਿਲਾਇਤ ਅਲੀ ਖਾਂ ਹੋਏ ਜਿਨ੍ਹਾਂ ਨੂੰ ਬਾਦ ਵਿੱਚ ਹਾਜੀ ਵਿਲਾਇਤ ਅਲੀ ਖਾਂ ਕਿਹਾ ਗਿਆ। ਇਨਾਂ ਦੀਆਂ ਗਤਾਂ ਅੱਜ ਵੀ ਵਿਦਵਾਨ ਵਜਾਉਂਦੇ ਹਨ। ਇਨ੍ਹਾਂ ਦੇ ਪੁੱਤਰ ਉਸਤਾਦ ਹੁਸੈਨ ਅਲੀ ਅਤੇ ਸਗਿਰਦ ਮੁਨੀਰ ਖਾਂ ਪ੍ਰਸਿੱਧ ਹੋਏ। ਹੁਸੈਨ ਅਲੀ ਦੇ ਵੰਸ਼ ਵਿੱਚ ਉਸਤਾਦ ਨੰਨੇ ਖਾਂ ਜਿਨ੍ਹਾਂ ਦੇ ਪੁੱਤਰ ਉਸਤਾਦ ਮਸੀਤ ਖਾਂ ਅਤੇ ਪੋਤਰੇ ਕਰਾਮਤ ਹੁਸੈਨ ਖਾਂ ਪ੍ਰਸਿੱਧ ਤਬਲਾ ਵਾਦਕ ਹੋਏ ਹਨ। ਹਾਜੀ ਸਾਹਿਬ ਦੀ ਸ਼ਿਸ਼ ਪ੍ਰੰਪਰਾ ਵਿੱਚ ਛਨੂ ਖਾਂ, ਮੁਬਾਰਕ ਅਲੀ ਖਾਂ, ਚੂੜੀਆਂ ਵਾਲੇ ਇਮਾਮ ਬਖਸ਼ ਅਤੇ ਉਸਤਾਦ ਸਲਾਰੀ ਖਾਂ ਮੁੱਖ ਹਨ। ਸਲਾਰੀ ਖਾਂ ਦੇ ਚਾਲੇ ਪ੍ਰਸਿੱਧ ਹਨ।

***ਬਨਾਰਸ ਘਰਾਣਾ:*** (ਪੂਰਬ ਬਾਜ) ਬਨਾਰਸ ਦੇ ਪਹਿਲੇ ਤਬਲਾ ਵਾਦਕ ਪੰਡਤ ਰਾਮ ਸਹਾਇ ਜੀ ਲਖਨਊ ਦੇ ਉਸਤਾਦ ਮੈਦੂ ਖਾਂ ਸਾਹਿਬ ਤੋਂ 12 ਸਾਲ ਤਬਲਾ ਸਿੱਖ ਕੇ ਨਵਾਬ ਵਾਜਿਦ ਅਲੀ ਸਾਹ ਦੇ ਦਰਬਾਰੀ ਤਬਲਾ ਵਾਦਕ ਦੇ ਤੌਰ ਤੇ ਨਾਂ ਕਮਾ ਕੇ ਬਾਦ ਵਿੱਚ ਅਪਣੇ ਜਨਮ ਅਸਥਾਨ ਕਾਸੀ ਜੀ ਆ ਗਏ। ਏਥੇ ਹੀ ਬਨਾਰਸ ਘਰਾਣੇ ਦੀ ਨੀਂਹ ਰੱਖੀ। ਇਨਾਂ ਦੇ ਭਾਈ ਗੌਰੀ ਸਹਾਇ ਦੇ ਪੁੱਤਰ ਭੈਰੋਂ ਸਹਾਇ ਅਤੇ ਪੋਤਰੇ ਬਲਦੇਵ ਸਹਾਇ ਅਤੇ ਪੜਪੋਤੇ ਦੁਰਗਾ ਸਹਾਇ ਪ੍ਰਸਿੱਧ ਤਬਲਾ ਵਾਦਕ ਹੋਏ। ਕੰਠੇ ਮਹਾਰਾਜ ਦੇ ਭਤੀਜੇ ਕਿਸਨ ਮਹਾਰਾਜ ਇਸ ਵੇਲੇ ਬਨਾਰਸ ਘਰਾਣੇ ਦੇ ਖਲੀਫਾ ਹਨ। ਬਨਾਰਸ ਦੇ ਹੀ ਬਾਚਾ ਮਿਸਰ ਇਨ੍ਹਾਂ ਦੇ ਪੁੱਤਰ ਸਾਮਤਾ ਪ੍ਰਸਾਦ ਗੁਦਈ ਮਹਾਰਾਜ ਅਤੇ ਬਨਾਰਸ ਦੇ ਹੀ ਨਾ ਧਿੰ ਧਿੰਨਾ ਦੇ ਬਦਾਸਾਹ ਪੰਡਤ ਅਨੋਖੇ ਲਾਲ ਜੀ ਪੰਡਤ ਭੈਰੋਂ ਮਿਸਰ ਮਹਾਂਪੁਰਸ ਮਿਸਰ ਅਤੇ ਰਾਮ ਜੀ ਨਾਮੀ ਤਬਲਾ ਵਾਦਕ ਹੋਏ। ਬਨਾਰਸ ਦੇ ਤਬਲਾ ਵਾਦਕਾਂ ਦੀ ਲੜੀ ਬਹੁਤ ਲੰਮੀ ਹੈ ਪੰਡਤ ਕਿਸਨ ਮਹਾਰਾਜ ਜੀ ਦੇ ਸਗਿਰਦ ਸੁਖਵਿੰਦਰ ਸਿੰਘ ਨਾਮਧਾਰੀ ਜਿਨ੍ਹਾਂ ਨੂੰ ਪਿੰਕੀ ਜੀ ਕਹਿੰਦੇ ਹਨ ਇਸ ਵੇਲੇ ਦਾ ਉੱਚ ਕੋਟੀ ਦਾ ਤਬਲਾ ਵਾਦਕ ਹੈ।

**ਵਾਦਨ ਸ਼ੈਲੀ:** ਪੂਰਬ ਬਾਜ ਦਾ ਤਬਲਾ ਭਾਵੇਂ ਦਿੱਲੀ ਤੋਂ ਹੀ ਆਇਆ ਸੀ ਪਰ ਲਖਨਊ ਵਿੱਚ ਨਾਚ ਦਾ ਜ਼ਿਆਦਾ ਪ੍ਰਚਾਰ ਹੋਣ ਕਰਕੇ ਬਾਜ ਖੁੱਲ੍ਹਾ ਹੋ ਗਿਆ ਜਿਸ ਵਿੱਚ ਜ਼ੋਰਦਾਰ ਪਰਨਾਂ ਅਤੇ ਟੁਕੜੇ ਵਜਾਏ ਜਾਣ ਲੱਗੇ। ਫ਼ਰੁਖਾਬਾਦੀ ਚਾਲੇ ਅਤੇ ਰੇ ਵੀ ਸ਼ਾਮਿਲ ਹੋ ਗਏ। ਬਨਾਰਸ ਹਿੰਦੂ ਧਰਮ ਦਾ ਕੇਂਦਰ ਹੋਣ ਕਰਕੇ ਧਾਰਮਿਕ ਗਾਇਕੀ ਵਿੱਚ ਪਖਾਵਜ ਦਾ ਵਿਸ਼ੇਸ਼ ਸਥਾਨ ਰਿਹਾ ਹੈ ਇਸ ਕਰਕੇ ਤਬਲਾ ਵਾਦਨ ਵਿੱਚ ਪਖਾਵਜ ਵਾਲੀ ਗਹਿਰਾਈ ਸ਼ਾਮਲ ਹੋ ਗਈ ਬਨਾਰਸ ਪੂਰਬ ਅੰਗ ਦੀ ਠੁਮਰੀ ਲਈ ਵੀ ਪ੍ਰਸਿੱਧ ਰਿਹਾ ਹੈ ਇਸ ਕਰਕੇ ਤਬਲਾ ਵਾਦਨ ਸ਼ੈਲੀ ਵਿੱਚ ਲੱਗੀ ਲੜੀ ਦਾ ਕੰਮ ਜ਼ਿਆਦਾ ਹੋ ਗਿਆ।

*ਬਨਾਰਸ ਦਾ ਕਾਇਦਾ: ਤੀਨਤਾਲ*

| | | | | | | | |
|---|---|---|---|---|---|---|---|
| ਧੀਕ | ਧਿਨਾ | ਤਿਰਕਿਟ | ਧਿਨਾ | ਧਾਗੇ | ਨਾਤੀ | ਕਤੀ | ਨਾੜਾ |
| ਤੀਕ | ਤਿਨਾ | ਤਿਰਕਿਟ | ਤਿਨਾ | ਧਾਗੇ | ਨਾਧੀ | ਕਧੀ | ਨਾੜਾ |

*ਬਨਾਰਸ ਦਾ ਟੁਕੜਾ: ਤੀਨਤਾਲ*

| | | | | | | | |
|---|---|---|---|---|---|---|---|
| ਧਾਗੇ ਤੇਟੇ | ਤਾਕੇ ਤੇਟੇ | ਕਧਾ ऽਕ | ਧਾऽ ਕਤ | ਕੀਕੀ | ਨਾਨਾ ਨਾਨਾ | ਕਤੇ ਟੇਧਾ | ऽਕਤਾ |
| ਧਾऽ ਕਤਾ | ਧਾऽ ਕਤਾ | ਟੇਧਾ ऽਕ | ऽਤ ਧਾऽ | ਕਤ ਧਾऽ | ਕਤੇ ਦੇਧਾ | ਤਕ ऽਤਾ | ਧਾऽ ਕਤ |

ਟੁਕੜਾ: ਤੀਨਤਾਲ

| | | | | | | | | |
|---|---|---|---|---|---|---|---|---|
| ਧਾਗੇ | ਤੇਟੇ | ਤਾਗੇ | ਤੇਟੇ | ਧਾਗੇ | ਦੀ | ਨਾਗੇ | ਤੇਟੇ | |
| ਧਿਤ | ਤਗੇ | ਽ਨ | ਧਿਤ | ਤਗੇ | ਽ਨ | ਧਿਤ | ਤਾ | |
| ਧਿਤ | ਧਿਤ | ਤਗੇ | ਽ਨ | ਧਾ | ਽ | ਧਿਤ | ਧਿਤ | |
| ਤਗੇ | ਽ਨ | ਧਾ | ਽ | ਧਿਤ | ਧਿਤ | ਤਗੇ | ਽ਨ | ਧਾ |

ਲਖਨਊ ਬਾਜ ਦਾ ਕਾਇਦਾ: ਤੀਨਤਾਲ

| | | | | | | | |
|---|---|---|---|---|---|---|---|
| ਧਾਗੇ | ਤੇਟੇ | ਧਾਗੇ | ਤਿਰਕਿਟ | ਧਿਨਾ | ਗਿਨਾ | ਧਾਗੇ | ਤੇਟੇ |
| ਧਾਗੇ | ਨਧਾ | ਤਿਰਕਿਟ | ਧੇਟੇ | ਧਾਗੇ | ਤਿਰਕਿਟ | ਧਿਨਾ | ਗਿਨਾ |
| ਤਾਗੇ | ਤੇਟੇ | ਤਾਗੇ | ਤਿਰਕਿਟ | ਤਿਨਾ | ਕਿਨਾ | ਤਾਕੇ | ਤੇਟੇ |
| ਧਾਗੇ | ਨਧਾ | ਤਿਰਕਿਟ | ਧੇਟੇ | ਧਾਗੇ | ਤਿਰਕਿਟ | ਧਿਨਾ | ਗਿਨਾ |

ਫਰੁਖਾਬਾਦੀ ਗਤ: ਤੀਨਤਾਲ

| | | | | | | | |
|---|---|---|---|---|---|---|---|
| ਧਾ | ਘੇਨਕ | ਤਕਿਟ | ਘੇਨਕ | ਧਾਤਿਰਕਿਟ | ਧਾਤੇਟੇ | ਘੇਨਗ | ਕਿਗਨ |
| X | | | | 2 | | | |
| ਨਾਗਿਨ | ਨਗਿਨ | ਤਾਕਿਟ | ਘੇਨਕ | ਧਾਤਿਰਕਿਟ | ਧਾਤੇਟੇ | ਘੇਨਗ | ਕਿਗਨ |
| 0 | | | | 3 | | | |

ਉਪਰੋਕਤ ਦਿੱਤਾ ਸਬਕ ਮਿਹਨਤ ਕਰਨ ਨਾਲ ਸਮਝ ਵਿੱਚ ਆ ਸਕਦਾ ਹੈ ਬਾਰ ਬਾਰ ਵਜਾਉਣ ਨਾਲ ਕਾਬੂ ਵਿੱਚ ਅਤੇ ਲੈ ਵਿੱਚ ਹੋ ਜਾਵੇਗਾ। ਫਿਰ ਇਸ ਨੂੰ ਆਰਾਮ ਨਾਲ ਕੀਰਤਨ ਨਾਲ ਤਬਲਾ ਵਾਦਨ ਕਰਦੇ ਸਮੇਂ ਵਜਾਇਆ ਜਾ ਸਕਦਾ ਹੈ। ਜਿੱਥੇ ਕੀਰਤਨ ਦੇ ਆਨੰਦ ਵਿੱਚ ਵਾਧਾ ਹੋਵੇਗਾ ਉੱਥੇ ਤਬਲਾ ਵਾਦਕ ਵੀ ਸੰਗਤਾਂ ਦੀ ਖ਼ੁਸ਼ੀ ਦਾ ਪਾਤਰ ਬਣੇਗਾ। ਇਸ ਲਈ ਜ਼ਰੂਰੀ ਹੈ ਕਿ ਖੂਬ ਮਿਹਨਤ ਕਰੋ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
**Sector: 22 - C, Chandigarh,**
**Ph.: 700045-48 Fax : 0172-700051**
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# The Daily Miracle

Philosophers have explained space. They have not explained time. It is the inexplicable raw material of everything. With it, all is possible; without it, nothing. The supply of time is truly a daily miracle, an affair genuinely astonishing when one examines it. You wake up in the morning, and lo your purse is magically filled with twenty-four hours of the unmanufactured tissue of the universe of your life. It is your. It is the most precious of possessions. A highly singular commodity, showered upon you in a manner as singular as the commodity itself.

For remark. No one can take it from you. It is unstealable. And no one receives either more or less than you receive.

Talk about an ideal democracy. In the realm of time there is no aristocracy of wealth, and no aristocracy of intellect. Genius is never rewarded by even an extra hour a day. And there is no punishment. Waste your infinitely precious commodity as much as you will, and the supply will never be withheld from you. No mysterious power will say:

"This man is a fool, if not a knave. He does not deserve time; he shall be cut off at the meter." It is more certain than government bonds, and payment of income is not affected by Sundays. Moreover, you cannot draw on the future. Impossible to get into debt. You can only waste the passing moment. You cannot waste tomorrow; It is kept for you. You cannot waste the next hour; It is kept for you.

I said the affair was a miracle. Is it not?

You have to live on this twenty-four hours of daily time. Out of it you have to spin health, pleasure, money, content, respect, and the evolution of your immortal soul, its right use, its most effective use, is a matter of the highest urgency and of the most thrilling actuality. All depends on that.

*(Arnold Bennett)*

**PAGE SPONSORED BY : AHUJA FAMILY**
C-353, Defence Colony New Delhi 110 024

# ਵਿਦਿਆਰਥੀ ਕੀਰਤਨ ਦਰਬਾਰ


## ਪ੍ਰੋ. ਕੰਵਲਜੀਤ ਸਿੰਘ

ਖਾਲਸਾ ਕਾਲਜ, ਪਟਿਆਲਾ


8 ਦਸੰਬਰ 2001 ਨੂੰ ਗੁਰਦੁਆਰਾ ਸਾਹਿਬ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ 'ਅੰਮ੍ਰਿਤ ਕੀਰਤਨ ਟ੍ਰਸਟ' ਵਲੋਂ 'ਗੁਰਮਤਿ ਸੰਗੀਤ ਸੁਸਾਇਟੀ' ਪਟਿਆਲਾ ਦੇ ਸਹਿਯੋਗ ਨਾਲ ਵਿਦਿਆਰਥੀ ਕੀਰਤਨ ਦਰਬਾਰ ਕਰਵਾਇਆ। ਇਹ ਕੀਰਤਨ ਦਰਬਾਰ ਉਘੇ ਸੰਗੀਤ ਚਾਰੀਆ ਸਵਰਗੀ ਪ੍ਰੋ. ਤਾਰਾ ਸਿੰਘ ਜੀ ਨੂੰ ਸਪਰਪਿਤ ਸੀ। ਤਿੰਨ ਸੌ ਤੋਂ ਵੱਧ ਵਿਦਿਆਰਥੀ ਜੋ ਕਿ ਵਖ-ਵਖ ਵਿਦਿਅਕ ਅਦਾਰਿਆਂ ਅਤੇ ਟਕਸਾਲਾਂ ਨਾਲ ਸਬੰਧਤ ਸਨ। ਇਸ ਕੀਰਤਨ ਦਰਬਾਰ ਵਿੱਚ ਹੁਮ ਹੁਮਾਂ ਕੇ ਪੁੱਜੇ। ਇਹ ਸਮੂਹ ਵਿਦਿਆਰਥੀਆਂ ਨੇ ਵਿਅਕਤੀਗਤ ਅਤੇ ਸਮੂਹਕ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕੀਤਾ। ਕੁਝ ਵਿਦਿਆਰਥੀਆਂ ਨੇ ਪ੍ਰੋ. ਤਾਰਾ ਸਿੰਘ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਦੀ ਪੇਸ਼ਕਾਰੀ ਵੀ ਕੀਤੀ। ਇਹ ਕੀਰਤਨ ਦਰਬਾਰ ਵਿੱਚ ਭਾਗ ਲੈਣ ਵਾਲੇ ਸਮੂੰਹ ਕੀਰਤਨੀ ਬੱਚਿਆਂ ਨੂੰ ਟਰਾਫੀਆਂ, ਗੁਰਮਤਿ ਸੰਗੀਤ ਸੰਬੰਧੀ ਪੁਸਤਕਾਂ ਅਤੇ ਗੁਰਮਤਿ ਸੰਗੀਤ ਦੀਆਂ ਕੈਸਟਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਅਗਵਾਈ ਤੇ ਗੁਰਮਤਿ ਸੰਗੀਤ ਅਕੈਡਮੀ ਅਰਜਨ ਨਗਰ ਪਟਿਆਲਾ ਨੂੰ ਸ਼ੁੱਧ ਗੁਰਬਾਣੀ ਉਚਾਰਣ ਲਈ ਨੀਟੂ ਕਲਰ ਲੈਬ ਪਟਿਆਲਾ ਵਲੋਂ ਸੰਤ ਸਕਾਨਰ ਸੰਤ ਨਿਰੰਜਨ ਸਿੰਘ ਯਾਦਗਾਰੀ ਟਰਾਫੀ ਦਿੱਤੀ ਗਈ। ਪ੍ਰੋ. ਚਤਰ ਸਿੰਘ ਸੰਗੀਤ ਅਕੈਡਮੀ ਪਟਿਆਲਾ ਵਲੋਂ ਤੰਤੀ ਸਾਜਾਂ ਤੇ ਸ਼ਬਦ ਕੀਰਤਨ ਕਰਨ ਲਈ ਸਨਮਾਨ ਵਜੋਂ ਦਿੱਤੀ ਗਈ ਵਿਸ਼ੇਸ਼ ਟਰਾਫੀ ਕੇਂਦਰੀ ਵਿਦਿਆਲਾ ਨੰ: 1 ਪਟਿਆਲਾ ਦੀ ਸਵਰਲੀਨ ਅਤੇ ਅਰਸ਼ਪ੍ਰੀਤ ਸਿੰਘ ਨੇ ਪ੍ਰਾਪਤ ਕੀਤੀ। ਪ੍ਰੋ. ਚਤਰ ਸਿੰਘ ਸੰਗੀਤ ਅਕੈਡਮੀ ਅਤੇ ਨਰੂਲਾ ਮਿਊਜਕ ਅਕੈਡਮੀ, ਪਟਿਆਲਾ ਨੂੰ ਪ੍ਰੋ. ਤਾਰਾ ਜੀ ਦੀਆਂ ਰਚਨਾਵਾਂ ਦੀ ਪੇਸ਼ਕਾਰੀ ਦੇ ਸਤਕਾਰ ਵਜੋਂ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਸੁਅਵਸਰ ਤੇ ਸ੍ਰੀਮਤੀ ਸੁਰਜੀਤ ਤਾਰਾ ਸਿੰਘ ਜੀ ਨੇ ਐਲਾਨ ਕੀਤਾ ਕਿ ਪ੍ਰੋ. ਤਾਰਾ ਸਿੰਘ ਜੀ ਦੁਆਰਾ ਰਚਿਤ ਸ਼ਬਦ ਕੀਤਰਨ ਰਚਨਾਵਾਂ ਦੀ ਪੇਸ਼ਕਾਰੀ ਕਰਨ ਵਾਲੇ ਜਥਿਆਂ ਨੂੰ ਹਰ ਸਾਲ ਵਿਸ਼ੇਸ਼ ਰੂਪ ਵਿੱਚ ਸਨਮਾਨਿਤ ਕੀਤਾ ਜਾਇਆ ਕਰੇਗਾ। ਗੁਰਮਤਿ ਸੰਗੀਤ ਦੀ ਵਿਦਿਆਤਮਿਕ ਸਿੱਖਿਆ ਨੇ ਖੇਤਰ ਵਿਚੋਂ ਯੋਗਦਾਨ ਦੇ ਸਨਮਾਨ ਵਜੋਂ ਇਸ ਸਾਲ ਪ੍ਰੋ. ਅਵਤਾਰ ਸਿੰਘ ਨਾਜ਼, ਮੁਖੀ ਸੰਗੀਤ ਵਿਭਾਗ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਕੇ ਸਨਮਾਨਿਆ ਗਿਆ ਜਿਸ ਵਿੱਚ ਨਾਜ਼ ਸਾਹਿਬ ਨੂੰ ਸ੍ਰੀ ਸਾਹਿਬ, ਸਿਰਪਾਉ ਅਤੇ 2100/- ਰੁ: ਰਾਸ਼ੀ ਪੁਰਸਕਾਰ ਰੂਪ ਵਿੱਚ ਦਿੱਤੀ ਗਈ।

ਉੱਘੇ ਵਿਦਵਾਨ ਅਤੇ ਸੰਗੀਤਚਾਰੀਆ ਡਾ. ਗੁਰਨਾਮ ਸਿੰਘ, ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਬੱਚਿਆਂ ਨੂੰ ਭਰਪੂਰ ਆਸ਼ੀਰਵਾਦ ਦਿੱਤਾ। ਉਹਨਾਂ ਨੇ ਦੱਸਿਆ ਕਿ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿੱਚ ਸ਼ਬਦ ਕੀਰਤਨ ਕਰਨ ਅਤੇ ਸਿੱਖਣ ਵਾਲੇ ਬੱਚਿਆਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣਗੇ ਚਾਹੇ ਉਹ ਸਿੱਖਿਆ ਦੇ ਰੂਪ ਵਿੱਚ ਹੋਵੇ ਜਾਂ ਮਾਇਆ ਪੱਖੋਂ। ਸ੍ਰ. ਹਰਭਜਨ ਸਿੰਘ ਚੋਪੜਾ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋ ਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਉਹਨਾਂ ਦੱਸਿਆ ਕਿ ਇਸ ਵਿਸ਼ਾਲ ਕੀਰਤਨ ਦਰਬਾਰ ਨੂੰ ਵੇਖ ਕੇ ਹੋਏ ਇਹ ਆਸ ਬਝਦੀ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਕੌਮ ਵਿੱਚ ਨਿਰਧਾਰਿਤ ਰਾਗਾਂ ਵਿੱਚ ਸ਼ਬਦ ਕੀਤਰਨ ਕਰਨ ਅਤੇ ਸੁਨਣ ਦੀ ਤਾਂਘ ਜੋਰਾਂ ਤੇ ਹੋਵੇਗੀ।

ਸਮਾਗਮ ਵਿੱਚ ਗੁਰਮਤਿ ਸੰਗੀਤ ਦੇ ਸੁਪ੍ਰਸਿੱਧ ਵਿਦਵਾਨ ਡਾ. ਗੁਰਨਾਮ ਸਿੰਘ, ਡਾ. ਨਿਵੇਦਿਤਾ ਸਿੰਘ, ਪ੍ਰੋ. ਕੰਲਵਜੀਤ ਸਿੰਘ, ਪ੍ਰੋ. ਜਬਰਜੰਗ ਸਿੰਘ, ਪ੍ਰੋ. ਜਸਪਾਲ ਸਿੰਘ ਅਤੇ ਪ੍ਰੋ. ਰਾਜਿੰਦਰ ਸਿੰਘ ਨੇ ਅਪਣਾ ਭਰਪੂਰ ਯੋਗਦਾਨ ਪਾਇਆ। ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੇ ਡਾ. ਜਾਗੀਰ ਸਿੰਘ ਚੇਅਰਮੈਨ 'ਅੰਮ੍ਰਿਤ ਕੀਰਤਨ ਟ੍ਰਸਟ' ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਹਨਾਂ ਦੇ ਸੁਪਨੇ ਅਤੇ ਸਹਿਯੋਗ ਦੁਆਰਾ ਹੀ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

'ਅੰਮ੍ਰਿਤ ਕੀਰਤਨ ਟ੍ਰਸਟ' ਚੰਡੀਗੜ੍ਹ ਅਤੇ 'ਗੁਰਮਤਿ ਸੰਗੀਤ ਸੁਸਾਇਟੀ' ਪਟਿਆਲਾ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਪ੍ਰਬੰਧਕ ਅਤੇ ਮੈਨੇਜਰ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਦਾ ਵਿਸ਼ੇਸ਼ ਧਨਵਾਦ ਕੀਤਾ ਜਿਹਨਾਂ ਨੇ ਇਹਨਾਂ ਵਿਦਿਆਰਥੀਆਂ ਲਈ ਚਾਹ ਲੰਗਰ ਆਦਿ ਦੇ ਵਿਸ਼ੇਸ਼ ਉਪਰਾਲੇ ਕੀਤੇ ਅਤੇ ਹਰ ਪੱਖੋਂ ਪੂਰਨ ਸਹਿਯੋਗ ਦੇ ਕੇ ਇਸ ਵਿਦਿਆਰਥੀ ਕੀਰਤਨ ਦਰਬਾਰ ਨੂੰ ਸ਼ਕਤੀ ਪ੍ਰਦਾਨ ਕੀਤੀ। ਇਸ ਸਮਾਗਮ ਵਿੱਚ ਹਾਜ਼ਰ ਸਮੂਹ ਸੰਗਤਾਂ ਨੇ ਸਿੱਖ ਕੌਮ ਨੂੰ ਅਪੀਲ ਕਰਦਿਆਂ ਬੇਨਤੀ ਕੀਤੀ ਕਿ ਗੁਰੂ ਆਸ਼ੇ ਅਨੁਸਾਰ ਗੁਰੂ ਸਾਹਿਬਾਂ ਦੁਆਰਾ ਬਖਸ਼ੀ ਗਈ ਵਡਮੁੱਲੀ ਦਾਤ "ਗੁਰਮਤਿ ਸੰਗੀਤ ਪਰੰਪਰਾ" ਦੇ ਅਨੁਸਾਰੀ ਹੋ ਕੇ ਕੇਵਲ ਰਾਗ ਬਧ ਕੀਰਤਨ ਕਰਨ ਵਾਲਿਆਂ ਜਥਿਆਂ ਨੂੰ ਹਰ ਹੀਲੇ ਗੁਰਮਤਿ ਸੰਗੀਤ ਪਰੰਪਰਾ ਨਾਲ ਜੋੜਨ ਦੇ ਜੋਰਦਾਰ ਯਤਨ ਕੀਤੇ ਜਾਣ।

ਦਿਲਰੁਬਾ ਅਤੇ ਵਾਇਲਿਨ ਨਾਲ ਸਾਰੰਗ ਰਾਗ ਵਿੱਚ ਸ਼ਬਦ ਕੀਰਤਨ ਪੇਸ਼ ਕਰਦੇ ਹੋਏ ਕੇਂਦਰੀ ਵਿਦਿਆਲਾ ਨੰ: 1 ਪਟਿਆਲਾ ਦੀ ਸਵਰਲੀਨ ਅਤੇ ਅਰਸ਼ਪ੍ਰੀਤ ਸਿੰਘ, ਜਿਹਨਾਂ ਨੂੰ ਤੰਤੀ ਸਾਜ਼ਾਂ ਸਰਵੋਤਮ ਕੀਰਤਨ ਪੇਸ਼ਕਾਰੀ ਲਈ ਪ੍ਰੋ. ਚਤਰ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।


## ਹਿੰਦੁਸਤਾਨੀ ਸੰਗੀਤ ਪਧੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

•

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ
ਦੀ
ਰਚੀ ਪੁਸਤਕ
ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

•

ਕੀਮਤ: ਕੇਵਲ 30 ਰੁ: (ਡਾਕ ਖਰਚ ਵੱਖਰਾ)

**ਅੰਮ੍ਰਿਤ ਕੀਰਤਨ ਟ੍ਰਸਟ**

1246/੧, ਸੈਕਟਰ 22-ਬੀ
ਚੰਡੀਗੜ੍ਹ 160022
ਫੋਨ: 0172-701396, 713915
**e-mail:** drjagirsingh@rediffmail.com

# ਸੁਰ ਲਿਪੀ

## ਜਸਪਾਲ ਸਿੰਘ

ਗੁਰਦੁਆਰਾ ਗੁਰਗਿਆਨ ਪ੍ਰਕਾਸ਼, ਜਵੱਦੀ ਕਲਾਂ ਲੁਧਿਆਣਾ

**ਰਾਗ ਤੁਖਾਰੀ:** ਤੁਖਾਰੀ ਇੱਕ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ। ਭਾਰਤੀ ਸੰਗੀਤ ਦੇ ਪੁਰਾਤਨ, ਮੱਧ ਕਾਲੀਨ ਜਾਂ ਆਧੁਨਿਕ ਕਿਸੇ ਗ੍ਰੰਥ ਵਿੱਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ ਅਤੇ ਨ ਹੀ, ਕਿਸੇ ਘਰਾਣੇ-ਦਾਰ ਗਾਇਕ ਵਾਦਕਾਂ ਕੋਲੋਂ ਇਸ ਰਾਗ ਦੀਆਂ ਨਾਦ ਲਹਿਰਾਂ ਕਦੇ ਕੰਨ ਗੋਚਰ ਹੋਈਆਂ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ ਰਚਨਾ ਗੁਰੂ ਨਾਨਕ ਸਾਹਿਬ ਨੇ ਕੀਤੀ। ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ, ਦੀ ਰਚਿਤ ਬਾਣੀ ਹੀ ਉਪਲਬਧ ਹੈ। ਗੁਰੂ ਸਾਹਿਬਾਨ ਦੀ ਭਾਰਤੀ ਸੰਗੀਤ ਪੱਧਤੀ ਨੂੰ ਇਹ ਰਾਗ ਇੱਕ ਅਨੁਪਮ ਦੇਣ ਹੈ।

ਉਂਞ ਤੁਖਾਰੀ ਦਾ ਰੂਪ ਖਾਮੋਸ਼ ਚੁਪ ਬੈਠਾ ਜੋਗੀ ਹੈ ਅਤੇ ਸੁਭਾ ਵਿੱਚ ਵਿਛੋੜੇ ਦੀ ਕਸਕ ਹੈ। ਪਰ ਗੁਰੂ ਸਾਹਿਬਾਨ ਨੇ ਤੁਖਾਰੀ ਦੀ ਸਾਰੀ ਬਾਣੀ ਛੰਤਾਂ ਵਿੱਚ ਰਚ ਕੇ ਮਿਲਾਪ ਦਾ ਸੁਖ ਪੈਦਾ ਕੀਤਾ ਹੈ। ਇਸ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਬਾਰਹਮਾਹ ਹੈ ਜੋ ਵਿਯੋਗ ਦੀ ਰਚਨਾ ਹੈ ਅਤੇ ਛੰਤ ਵਿੱਚ ਹੋਣ ਕਾਰਨ ਸੰਯੋਗ ਸ਼ਿੰਗਾਰ ਵੀ ਹੈ। ਇਸ ਰਾਗ ਵਿੱਚ ਭਗਤਾਂ ਦੀ ਬਾਣੀ ਨਹੀਂ ਹੈ।

**ਆਰੋਹ** : ਨ਼ੀ ਸ ਗੁ ਮ॑ ਪ, ਨੀ ਸਂ। **ਅਵਰੋਹ** : ਸਂ ਨੀ ਧ ਪ, ਨ਼ੀ ਧ਼ ਪ਼, ਮ॑ ਗੁ, ਰੇ ਸ।

**ਸੁਰ** : ਦੋਨੋ ਨੀਸ਼ਾਦ, ਮਧਿਅਮ ਤੀਵਰ, ਗੰਧਾਰ ਕੋਮਲ ਬਾਕੀ ਸਭ ਸ਼ੁਧ, ਵਰਜਿਤ, ਅਰੋਹ ਵਿੱਚ ਰਿਸ਼ਭ ਅਤੇ ਧੈਵਤ।

**ਥਾਟ** : ਤੋੜੀ (ਦੱਖਣੀ ਪੱਧਤੀ ਅਨੁਸਾਰ ਧਰਮਵਤੀ ਥਾਟ) **ਜਾਤੀ** : ਔੜਵ-ਸੰਪੂਰਨ **ਸਮਾਂ** : ਦਿਨ ਦਾ ਚੌਥਾ ਪਹਿਰ

**ਵਾਦੀ** : ਪੰਚਮ **ਸੰਵਾਦੀ** : ਸ਼ੜਜ **ਮੁਖ ਅੰਗ** : ਪ ਨ਼ੀ ਨ਼ੀ ਧ ਪ, ਮ॑ ਪ, ਮ॑ ਗੁ, ਰੇ ਸ।

**ਸੁਰ ਵਿਸਥਾਰ** :
1. ਸ, ਨ਼ੀ ਸ, ਗੁ ਰੇ ਸ, ਨ਼ੀ ਧ਼ ਪ਼, ਪ਼ ਨ਼ੀ, ਧ਼ ਪ਼, ਪ਼ ਨ਼ੀ ਸ, ਨ਼ੀ ਸ ਗੁ, ਰੇ ਸ, ਨ਼ੀ ਸ ਮ॑ ਗੁ ਮ॑ ਪ, ਪ ਨ਼ੀ ਧ ਪ, ਮ॑ ਪ ਗੁ ਮ॑ ਗੁ ਰੇ, ਸ।
2. ਗੁ ਮ॑ ਪ, ਗੁ ਮ॑ ਪ ਨ਼ੀ, ਧ ਪ, ਗੁ ਮ॑ ਪ ਨੀ ਸਂ, ਪ ਨੀ ਸਂ, ਨੀ ਸਂ ਗੁਂ, ਰੇਂ ਸਂ, ਨੀ ਸਂ ਨੀ ਧ ਪ, ਪ ਨ਼ੀ ਧ ਪ, ਪ ਨ਼ੀ ਧ ਪ, ਮ॑ ਪ ਗੁ ਮ॑ ਪ, ਪ ਗੁ ਮ॑ ਗੁ ਰੇ, ਸ।

**ਇੱਕ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | ***ਸਥਾਈ*** | ਪਮ॑ | ਗੁਮ॑ | ਪਧ |
| | | | | | | | | | ਦੀऽ | ਨऽ | ਨऽ |
| ਨ਼ੀ | ਧ | ਪ | ਸਗੁ | ਧਪ | ਮ॑ਪ | ਗੁ | ਰੇ | ਸ | ਨੀ | ਸ | ਸ |
| ਕੀ | ऽ | ਪ੍ਰਿਤ | ਪਾऽ | ਲऽ | ऽਕ | ਰੈ | ऽ | ਨਿਤ | ਸੰ | ਤ | ਉ |
| ਨੀ | -ਮ॑ | ਮ॑ | ਮ॑ | ਪ | ਗੁਮ॑ | ਗੁ | ਰੇ | ਸ | | | |
| ਬਾऽ | ऽऽ | ਰ | ऽਗ | ਨੀ | ਮऽ | ਨ | ਗਾ | ਰੈ | | | |
| X | | 0 | | 2 | | 0 | | 3 | | 4 | |
| | | | | | | | | ***ਅੰਤਰਾ*** | ਪਸਂ | ਧਮ॑ | ਪ |
| | | | | | | | | | ਪऽ | ਛऽ | ऽਪ |
| ਨੀ | ਸਂ | ਸਂ | ਪਨੀ | ਸਂਗੁਂ | ਰੇਂਸਂ | ਰੇਨੀ | ਸਂ | ਸਂ | ਨੀਸਂ | ਨੀਧ | ਪਧ |
| ਸੂ | ऽ | ਨਗ | ਨਾऽ | ऽऽ | ਗਨਿ | ਰਾऽ | ਧ | ਪ | ਸਰ | ਬऽ | ऽਸ |
| ਨ਼ੀ | ਧ | ਪ | ਸਗੁ | ਧਪ | ਮ॑ਪ | ਗੁ | ਰੇ | ਸ | | | |
| ਮੈ | ऽ | ਸਭ | ਕੋऽ | ऽऽ | ਪ੍ਰਿਤ | ਪਾ | ਰੈ | ऽ | | | |

Postal Regd. No. PB/0170/2002 RNI Regd. No. 46788/89 ISSN 0972-2335




ਪਟਿਆਲਾ ਵਿਖੇ ਹੋਏ ਵਿਦਿਆਰਥੀ ਕੀਰਤਨ ਦਰਬਾਰ ਦੀਆਂ ਝਲਕੀਆਂ ।

ਰਿਪੋਰਟ ਪੰਨਾ 33